# ਗੁਰੂ ਹਰਿਗੋਬਿੰਦ ਸਾਹਿਬ
# (੧੫੯੫-੧੬੪੪, ਗੁਰਗੱਦੀ ੧੬੦੬-੧੬੪੪)

ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਅੰਮ੍ਰਿਤਸਰ ਤੋਂ ਨੇੜੇ ਦੇ ਪਿੰਡ ਵਡਾਲੀ ਵਿੱਚ ੧੯ ਜੂਨ ੧੫੯੫ ਨੂੰ ਹੋਇਆ। ਗੁਰੂ ਜੀ ਦੀ ਮੁਢਲੀ ਜੀਵਨੀ ਦਾ ਕੁਝ ਵਰਨਣ ਪਿਛਲੇ ਕਾਂਡ ਵਿੱਚ ਕੀਤਾ ਹੈ।

ਆਪਣੇ ਪਿਤਾ (ਗੁਰੂ ਅਰਜਨ ਦੇਵ ਜੀ) ਦੀ ਸ਼ਹੀਦੀ ਉਪਰੰਤ ਗੁਰੂ ਜੀ ਨੇ ਆਦਿ ਗ੍ਰੰਥ ਸਾਹਿਬ ਦਾ ਪਾਠ ਬਾਬਾ ਬੁੱਢਾ ਜੀ ਤੋਂ ਅਤੇ ਹਰਿਮੰਦਰ ਸਾਹਿਬ ਦੇ ਰਾਗੀਆਂ ਤੋਂ ਗੁਰਬਾਣੀ ਦਾ ਕੀਰਤਨ ਕਰਵਾਇਆ।ਇਹ ਦਸ ਦਿਨ ਹੁੰਦਾ ਰਿਹਾ।ਜਦ ਸਭ ਸੰਸਕਾਰ ਸੰਪੂਰਨ ਹੋਇ ਤਾਂ ਬਾਬਾ ਬੁੱਢਾ ਜੀ ਨੇ ਗੁਰਗੱਦੀ ਦਾ ਤਿਲਕ ਲਾਉਣ ਦੀ ਤਿਆਰੀ ਅਰੰਭ ਕੀਤੀ। ਯਾਦ ਰਹੇ ਕਿ ਜਦ ਗੁਰੂ ਅਰਜਨ ਦੇਵ ਜੀ ਦੇ ਮਹਿਲ, ਮਾਤਾ ਗੰਗਾ ਜੀ, ਬਾਬਾ ਬੁੱਢਾ ਜੀ ਕੋਲ ਇੱਕ ਪੁੱਤਰ ਲਈ ਅਰਦਾਸ ਕਰਾਉਣ ਲਈ ਗਏ ਸਨ ਤਾਂ ਮਾਤਾ ਜੀ ਨੇ ਉਨ੍ਹਾਂ ਲਈ ਪ੍ਰਸ਼ਾਦੇ ਆਪਣੇ ਹੱਥੀਂ ਤਿਆਰ ਕੀਤੇ ਸਨ ਅਤੇ ਪ੍ਰਸ਼ਾਦਿਆਂ ਨਾਲ ਗੰਢੇ ਵੀ ਲੈ ਗਏ ਸਨ। ਬਾਬਾ ਬੁੱਢਾ ਜੀ ਨੇ ਪ੍ਰਸ਼ਾਦਾ ਛਕਦਿਆਂ ਕਿਹਾ ਸੀ, "ਗੁਰੂ ਜੀ ਸਭ ਭੰਡਾਰ ਦੇ ਮਾਲਕ ਹਨ, ਪਰ ਮੈਨੂੰ ਇਸ ਭੰਡਾਰ ਨੂੰ ਖੋਲ੍ਹਣ ਦਾ ਹੁਕਮ ਹੋਇਆ ਹੈ। ਜਿਵੇਂ ਆਪ ਜੀ ਨੇ ਮੈਨੂੰ ਮੇਰੇ ਮਨ ਨੂੰ ਸੰਤੁਸ਼ਟ ਕਰਦਾ ਭੋਜਨ ਛਕਣ ਲਹੀ ਦਿਤਾ ਹੈ, ਇਵੇਂਹੀ ਆਪ ਜੀ ਨੂੰ ਆਪ ਜੀ ਦੇ ਮਨ ਨੂੰ ਸੰਤੁਸ਼ਟ ਕਰਨ ਵਾਲੇ ਪੁੱਤਰ ਦੀ ਦਾਤ ਪ੍ਰਾਪਤ ਹੋਵੇਗੀ। ਉਹ ਬੜਾ ਸੁੰਦਰ ਅਤੇ ਬਹਾਦਰ, ਸੰਸਾਰਕ ਅਤੇ ਦੈਵੀ ਸ਼ਕਤੀਆਂ ਦਾ ਮਾਲਕ, ਤਕੜਾ ਸ਼ਿਕਾਰੀ ਹੋਵੇਗਾ, ਸ਼ਾਹੀ ਘੋੜਿਆਂ ਦੀ ਸਵਾਰੀ ਕਰੇਗਾ, ਦੋ ਤਲਵਾਰਾਂ ਪਹਿਨੇਗਾ, ਯੁੱਧ ਵਿੱਚ ਬਲਵਾਨ ਅਤੇ ਮੁਗਲਾਂ ਨੂੰ ਲਿਤਾੜਣ ਵਾਲਾ ਹੋਵੇਗਾ। ਇਸੇ ਤਰ੍ਹਾਂ ਆਪ ਦਾ ਪੁੱਤਰ ਵੈਰੀਆਂ ਦੇ ਸਿਰ ਭੰਨੇਗਾ ਅਤੇ ਇਕਦਮ ਇੱਕ ਮਹਾਨ ਯੋਧਾ ਅਤੇ ਉਚ ਪਦਵੀ ਵਾਲਾ ਗੁਰੂ ਹੋਵੇਗਾ। ਉਹ ਇੱਕ ਪਿੰਡ ਦਾ ਨਿਮਾਣਾ ਫਕੀਰ ਨਹੀਂ ਹੋਵੇਗਾ। ਸਗੋਂ ਇੱਕ ਸ਼ਾਨਦਾਰ ਸ਼ਾਹੀ ਤਖ਼ਤ ਤੇ ਬੈਠੇਗਾ।" ਚਲੀ ਆਈ ਮਰਿਆਦਾ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਜੀ ਅੱਗੇ ਇੱਕ ਸੇਲੀ (ਉੰਨ ਦੀ ਡੋਰੀ ਜੋ ਪਿਛਲੇ ਗੁਰੂ ਸਾਹਿਬਾਨ ਮਾਲਾ ਵਾਂਗ ਗਲੇ ਵਿੱਚ ਪਾਉਂਦੇ ਜਾਂ ਸਿਰ ਦੁਆਲੇ ਲਪੇਟਦੇ ਸਨ) ਅਤੇ ਇੱਕ ਦਸਤਾਰ, ਗੁਰੂ ਜੀ ਦੇ ਅਧਿਕਾਰ ਦੇ ਨਿਸ਼ਾਨ ਵਜੋਂ, ਰੱਖੀਆਂ। ਗੁਰੂ ਜੀ ਨੇ ਸੇਲੀ ਨੂੰ ਖ਼ਜ਼ਾਨੇ ਵਿੱਚ ਰੱਖ ਦੇਣ ਲਈ ਆਦੇਸ਼ ਦਿਤਾ ਅਤੇ ਬਾਬਾ ਬੁੱਢਾ ਜੀ ਨੂੰ ਉਨ੍ਹਾਂ ਦੀ ਪੇਸ਼ੀਨਗੋਈ ਯਾਂਦ ਕਰਾਉਂਦਿਆ ਕਿਹਾ, "ਮੇਰਾ ਜਤਨ ਆਪਦੀ ਭਵਿਖਬਾਣੀ ਨੂੰ ਪੂਰਾ ਕਰਨ ਦਾ ਹੋਵੇਗਾ। ਮੇਰੀ ਸੇਲੀ ਤਲਵਾਰ ਦਾ ਗਾਤਰਾ ਹੋਵੇਗੀ। ਅਤੇ ਮੈਂ ਆਪਣੀ ਦਸਤਾਰ ਸ਼ਾਹੀ ਕਲਗੀ ਨਾਲ ਸਜਾਵਾਂਗਾ। ਮੈਨੂੰ ਸੇਲੀ ਦੀ ਥਾਂ ਇੱਕ ਤਲਵਾਰ ਦਿਉ।" ਤਲਵਾਰ ਲਿਆਂਦੀ ਗਈ ਪਰ ਬਾਬਾ ਬੁੱਢਾ ਜੀ ਨੇ ਗੁਰੂ ਜੀ ਦੇ ਉਲਟੇ ਪਾਸੇ ਪਹਿਨਾ ਦਿਤੀ। ਗੁਰੂ ਜੀ ਨੇ ਕਿਹਾ, "ਇੱਕ ਹੋਰ ਤਲਵਾਰ ਲਿਆਉ, ਮੈਂ ਦੋ ਤਲਵਾਰਾਂ ਪਹਿਨਾਂਗਾ।" ਗੁਰੂ ਜੀ ਨੇ ਦੋ ਤਲਵਾਰਾਂ ਪਹਿਨੀਆਂ ਜੋ ਪੀਰੀ ਅਤੇ ਮੀਰੀ ਅਧਿਕਾਰ ਦੀਆਂ ਨਿਸ਼ਾਨੀਆਂ ਸਨ, ਭਗਤੀ ਅਤੇ ਸ਼ਕਤੀ ਦਾ ਸੁਮੇਲ।

## ਅਕਾਲ ਤਖ਼ਤ ਸਾਹਿਬ :

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਨੁੱਖੀ ਇਤਹਾਸ ਵਿੱਚ ਇੱਕ ਅਦੁੱਤੀ ਘਟਨਾ ਸੀ। ਗੁਰੂ ਜੀ ਸਰਬ ਸ਼ਕਤੀਮਾਨ ਸਨ। ਉਹ ਇਸ ਸਥਿਤੀ ਨੂੰ ਜਿਵੇਂ ਚਾਹੁੰਣ ਟਾਲ ਸਕਦੇ ਸੀ, ਪਰ ਉਨ੍ਹਾਂ ਨੇ ਸਾਰੇ ਕਸ਼ਟ ਝੱਲੇ ਸੰਸਾਰ ਨੂੰ ਇਹ ਦਸਣ ਲਹੀ ਕਿ ਕਿਵੇਂ ਸਭ ਦੁਖਾਂ ਸੁਖਾਂ ਵਿੱਚ ਅਕਾਲ ਪੁਰਖ ਦੇ ਭਾਣੇ ਅੱਗੇ ਖਿਚੜੇ ਮੱਥੇ ਸਿਰ ਝੁਕਾਉਣਾ ਹੈ। ਅਸਲ ਵਿੱਚ ਆਦਿ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਕੇਵਲ ਯੋਗੀਆਂ, ਸੰਨਿਆਸੀਆਂ ਜਾਂ ਮੁਸਲਮਾਨ ਸੂਫੀਆ ਲਈ ਹੀ ਨਹੀਂ ਜੋ ਹਿਮਾਲੀਆ ਪਰਬਤਾਂ ਦੀਆਂ ਕੁੰਦਰਾਂ ਵਿੱਚ ਇਕਲਵੌਂ ਬੈਠ ਕੇ ਜਗਤ ਤੋਂ ਸੰਧੀ ਤੋੜ ਕੇ ਅਕਾਲ ਪੁਰਖ ਦੀ ਪੂਜਾ ਵਿੱਚ ਲਗੇ ਹੋਏ ਹਨ ।ਸਗੋਂ ਆਦਿ ਗ੍ਰੰਥ ਸਾਹਿਬ ਦੇ ਉਪਦੇਸ਼ ਗ੍ਰਹਿਸਥੀਆਂ ਵਾਸਤੇ ਅੰਕਿਤ ਕੀਤੇ ਸਨ। ਗੁਰੂ ਸਾਹਿਬਾਨ ਨੇ ਆਪ ਗ੍ਰਹਿਸਥੀ ਜੀਵਨ ਗੁਜ਼ਾਰਦਿਆਂ ਕਾਰਵੰਦ ਮਿਸਾਲਾਂ ਦਿਤੀਆਂ ਕਿ ਕਿਵੇਂ ਗੁਰੂ ਉਪਦੇਸ਼ਾਂ ਅਨੁਸਾਰ ਜੀਵਨ ਜੀਊਣਾ ਹੈ।

ਗੁਰੂ ਅਰਜਨ ਦੇਵ ਜੀ ਦੀ ਦਰਦਨਾਕ ਅਤੇ ਤਸੀਹਾਂ ਸਹਿਤ ਸ਼ਹੀਦੀ ਨੇ ਲੋਕਾਂ ਵਿੱਚ ਗੁੱਸੇ ਦੀ ਬੜੀ ਤਕੜੀ ਲਹਿਰ ਪੈਦਾ ਕਰ ਦਿਤੀ। ਗੁਰੂ ਜੀ ਦੀ ਪ੍ਰਕਾਸ਼ਮਈ, ਪਰ ਉਦਾਸੀਨ ਨਹੀਂ,ਕਸ਼ਟਾਂ ਭਰੀ ਸ਼ਹੀਦੀ ਨੇ ਲੋਕਾਂ ਵਿੱਚ ਇੱਕ ਨਵੀਂ ਰੂਹ ਅਤੇ ਜਿੰਦ ਭਰ ਦਿਤੀਆਂ ਅਤੇ ਉਹਨਾਂ ਨੇ ਸਚ ਅਤੇ ਨਿਆਂ ਵਾਸਤੇ ਜ਼ੋਰ ਲਾਉਣ ਅਤੇ ਆਪਾ ਕੁਰਬਾਨ ਕਰਨ ਦਾ ਪ੍ਰਣ ਕਰ ਲਿਆ। ਸਦੀਆਂ ਤੋਂ, ਅਨਗਿਣਤ ਹਿੰਦੂ ਪੁਰਸ਼, ਇਸਤਰੀਆਂ ਅਤੇ ਬੱਚੇ

ਮੁਸਲਿਮ ਤਲਵਾਰ ਦਾ ਸ਼ਿਕਾਰ ਹੋ ਚੁਕੇ ਸਨ ਪਰ ਇਸ ਨਾਲ ਉਹਨਾਂ ਉਤੇ ਜ਼ੁਲਮ ਕਰਨ ਵਾਲਿਆਂ ਦੇ ਪੱਥਰ ਦਿਲ ਨਰਮ ਨ ਹੋਏ, ਸਗੋਂ ਉਹ ਵਧੇਰੇ ਜ਼ਾਲਮ ਅਤੇ ਵਹਿਸ਼ੀ ਬਣ ਗਏ। ਕਦੇ ਕਦੇ ਗੁਨਾਹਗਾਰਾਂ ਨੂੰ, ਝੂਠ ਅਤੇ ਅਨਿਆਂ ਦਾ ਅਹਿੰਸਕ ਢੰਗਾਂ ਰਾਹੀਂ ਵਿਰੋਧ ਕਰਕੇ, ਸੁਧਾਰਿਆ ਜਾ ਸਕਦਾ ਹੈ। ਸੱਚੇ ਉਦੇਸ਼ ਲਈ ਚੁੱਪ ਚਾਪ ਵਿਰੋਧ ਕਰਨਾ ਅਤੇ ਕਸ਼ਟ ਸਹਿਣਾ ਕਿਸੇ ਸਮੇਂ ਜ਼ਾਲਮ ਨੂੰ ਉਸ ਦੇ ਬੁਰੇ ਕੰਮਾਂ ਵਲ ਧਿਆਨ ਦਿਵਾ ਸਕਦਾ ਹੈ ਅਤੇ ਉਹ ਸ਼ਾਇਦ ਸੁਧਰ ਜਾਵੇ। ਪਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇੱਕ ਜ਼ਾਲਮ ਜੋ ਕਠੋਰ ਹੋ ਚੁਕਾ ਅਤੇ ਗੁਨਾਹਗਾਰੀ ਜਾਬਰ ਢੰਗਾਂ ਵਿੱਚ ਨੁਚੜਿਆ ਹੋਇਆ ਹੈ। ਅਤੇ ਜੋ ਨੈਤਿਕ ਅਤੇ ਸਭਿਆਚਾਰਕ ਵਰਤਾਉ ਦੀਆਂ ਮੂਲ ਕਦਰਾਂ ਕੀਮਤਾਂ ਵੱਲ ਧਿਆਨ ਨਹੀਂ ਦਿੰਦਾ, ਉਸ ਦੇ ਰਿਵੁਧ ਵੱਡੀ ਤੋਂ ਵੱਡੀ ਮਾਤਰਾ ਦੀ ਸ਼ਾਤਮਈ ਟੱਕਰ ਸਫਲ ਨਹੀਂ ਹੋ ਸਕੇਗੀ। ਅਜੇਹੇ ਮਨੁੱਖਾਂ ਵਿਰੁਧ ਅਹਿੰਸਾ ਕੇਵਲ ਨੀਚ ਕਾਇਰਤਾ ਦਾ ਦੂਜਾ ਨਾਮ ਹੈ। ਇਹੋ ਜੇਹੇ ਤਾਕਤ ਦੇ ਨਸ਼ੇ ਵਿੱਚ ਮਸਤ ਮਨੁੱਖਤਾ ਦਾ ਟਾਕਰਾ ਉਹਨਾਂ ਦੀ ਡਾਂਗ ਤੋਂ ਵਡੇਰੀ ਡਾਂਗ ਨਾਲ ਕਰਨਾ ਜ਼ਰੂਰੀ ਹੈ। ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਗੱਦੀ ਤੇ ਬੈਠਣ ਪਿਛੋਂ ਕੁਝ ਮਸੰਦ ਗੁਰੂ ਜੀ ਦੀ ਮਾਤਾ ਜੀ ਕੋਲ ਨਿਵੇਦਨ ਕਰਨ ਆਏ ਕਿ ਗੁਰੂ ਜੀ ਤੋਂ ਪਹਿਲਾਂ ਪੰਜ ਗੁਰੂ ਸਾਹਿਬਾਨ ਨੇ ਕਦੇ ਸ਼ਸਤਰ ਨਹੀਂ ਫੜੇ; ਜੇ ਬਾਦਸ਼ਾਹ ਜਹਾਂਗੀਰ ਨੇ ਸੁਣਿਆ ਕਿ ਹੁਣ ਗੁਰੂ ਜੀ ਸ਼ਸਤਰਧਾਰੀ ਹੋ ਗਏ ਹਨ ਤਾਂ ਗੁੱਸੇ ਹੋ ਜਾਵੇਗਾ ਅਤੇ ਸਿੱਖ ਕਿੱਥੇ ਜਾਂ ਲੁਕਣਗੇ ? ਮਾਤਾ ਜੀ ਨੇ ਮਸੰਦਾਂ ਨੂੰ ਤਾਂ ਹੌਸਲਾ ਦਿਤਾ ਪਰ ਜਵਾਨ ਗੁਰੂ ਜੀ ਨੂੰ ਸਮਝਾਇਆ, ''ਪੁਤਰ ਜੀ, ਸਾਡੇ ਪਾਸ ਕੋਈ ਖ਼ਜ਼ਾਨਾ ਨਹੀਂ, ਸਰਾਕਰੀ ਆਮਦਨ ਨਹੀਂ, ਨ ਜ਼ਮੀਨ ਜਾਇਦਾਦ ਹੈ ਅਤੇ ਨ ਕੋਈ ਫੌਜ। ਜੇ ਤੁਸੀਂ ਆਪਣੇ ਪਿਤਾ ਅਤੇ ਦਾਦਾ ਜੀ ਦੇ ਕਦਮਾਂ ਤੇ ਚਲੋਂ, ਤੁਸੀਂ ਪ੍ਰਸੰਨ ਰਹੋਗੇ।" ਗੁਰੂ ਜੀ ਨੇ ਉਤਰ ਵਿੱਚ ਇਹ ਤੁਕ ਉਚਾਰਨ ਕੀਤੀ :

''ਰਾਖਾ ਏਕੁ ਹਮਾਰਾ ਸੁਆਮੀ।
ਸਗਲ ਘਟਾ ਕਾ ਅੰਤਰਜਾਮੀ।"

(ਭੈਰਉ ਮਹਲਾ ੫, ਪੰਨਾ ੧੧੩੬)

ਅਤੇ ਕਿਹਾ, ''ਮਾਤਾ ਜੀ, ਕੋਈ ਚਿੰਤਾ ਨ ਕਰੋ। ਸਭ ਕੁਝ ਅਕਾਲ ਪੁਰਖ ਦੀ ਰਜ਼ਾ ਅਨੁਸਾਰ ਹੀ ਹੋਵੇਗਾ।"

ਗੁਰੂ ਜੀ ਨੇ ਮਸੰਦਾਂ ਨੂੰ ਆਦੇਸ਼ ਭੇਜਿਆ ਕਿ ਜੋ ਗੁਰਸਿਖ ਮਾਇਆ ਦੀ ਥਾਂ ਸ਼ਸਤਰ ਅਤੇ ਘੋੜੇ ਭੇਟਾ ਕਰਨ ਲਈ ਲਿਆਵੇਗਾ ਤਾਂ ਗੁਰੂ ਜੀ ਵਧੇਰੇ ਪ੍ਰਸੰਨ ਹੋਣਗੇ। ਗੁਰੂ ਜੀ ਨੇ ਹਰਿਮੰਦਰ ਸਾ;ਹਿਬ ਦੇ ਸਾਹਮਣੇ ਸੰਨ ੧੬੦੬ (ਹਾੜ ਸੁਧੀ ਪੰਜ, ਸੰਮਤ ੧੬੬੩) ਵਿੱਚ ਅਕਾਲ ਤਖਤ ਦੀ ਨੀਂਹ ਰੱਖੀ ਅਤੇ ਇਸ ਦੀ ਉਸਾਰੀ ੧੬੦੯ ਵਿੱਚ ਪੂਰੀ ਹੋਈ। ਅਕਾਲ ਤਖਤ ਦਸ ਕੁ ਫੁੱਟ ਉਚੇ ਥੜੇ ਉਤੇ ਪੱਕੀਆਂ ਇੱਟਾਂ ਦਾ ਉਸਾਰਿਆ ਗਿਆ ਅਤੇ ਇੱਕ ਤਖ਼ਤ ਵਰਗਾ ਦਿਸਦਾ ਸੀ। ਗੁਰੂ ਜੀ ਇਸ ਤੇ ਬੈਠੇ। ਗੁਰੂ ਜੀ ਨੇ ਅਕਾਲ ਤਖ਼ਤ ਹਰਿਮੰਦਰ ਸਾਹਿਬ ਤੋਂ ਥੋੜੇ ਕੁ ਗਜਾਂ ਦੀ ਵਿਥ ਤੇ ਬਣਾਇਆ, ਇਸ ਖਿਆਲ ਨਾਲ ਕਿ ਅਕਾਲ ਤਖ਼ਤ ਆ ਕੇ ਇੱਕ ਸਿੱਖ ਇਹ ਨ ਭੁੱਲੇ ਕਿ ਅਧਿਆਤਮਕ ਉਚਤਾ ਉਤਨੀ ਹੀ ਜ਼ਰੂਰੀ ਹੈ ਜਿਤਨੀਆਂ ਉਸਦੀਆਂ ਸਮਾਜਕ ਜ਼ਿੰਮੇਵਾਰੀਆਂ। ਅਸਲ ਵਿੱਚ, ਗੁਰੂ ਜੀ ਆਪਣੇ ਸਿੱਖਾਂ ਨੂੰ ''ਸੰਤ-ਸਿਪਾਹੀ" ਬਨਾਣਾ ਚਾਹੁੰਦੇ ਸੀ, ਜੋ ਅਤਿਅੰਤ ਸਭਿਅਕ, ਉਚ ਦਰਜੇ ਦਾ ਸਦਾਚਾਰੀ ਜਿਸ ਦੇ ਨਾਲ ਅਧਿਆਤਮਕ ਉਚਤਾ ਵੀ, ਅਤੇ ਸਦਾ ਰਾਕਸ਼ੀ ਸ਼ਕਤੀਆਂ ਨਾਲ ਲੋਹਾ ਲੈਣ ਲਈ ਤਿਆਰ ਹੋਵੇ। ਬਾਬਾ ਬੁੱਢਾ ਜੀ ਨੇ ਗੁਰੂ ਜੀ ਨੂੰ ਸ਼ਸਤਰਾਂ ਨਾਲ ਲੈਸ ਵੇਖਿਆ ਤਾਂ ਜ਼ਰਾ ਕੁ ਸਮਝਾਉਣ ਲੱਗੇ। ਪਰ ਗੁਰੂ ਜੀ ਨੇ ਉਤਰ ਦਿਤਾ, ''ਗੁਰੂ ਘਰ ਵਿੱਚ ਧਰਮ ਅਤੇ ਸੰਸਾਰਕ ਖੁਸ਼ੀਆਂ ਇਕੱਠੀਆਂ ਕੀਤੀਆਂ ਜਾਣਗੀਆਂ—ਦੇਗ ਗਰੀਬਾਂ ਅਤੇ ਲੋੜਵੰਦਾਂ ਵਿੱਚ ਵਰਤਾਉਣ ਲਈ ਅਤੇ ਤੇਗ ਜਾਬਰਾਂ ਨੂੰ ਮਾਰਨ ਲਈ।" (ਜਿਹੜੇ ਸਿੱਖ ਕਹਿੰਦੇ ਹਨ ਕਿ ਦੁਨੀਆਵੀ ਤੇ ਵਿਹਾਰਕ ਮਾਮਲੇ ਸਾਡੇ ਗੁਰਦੁਆਰਿਆਂ ਵਿੱਚ ਧਾਰਮਕ ਮਾਮਲਿਆਂ ਤੋਂ ਵਖਰੇ ਰਹਿਣੇ ਚਾਹੀਦੇ ਹਨ, ਉਨ੍ਹਾਂ ਨੂੰ ਗੁਰੂ ਜੀ ਦੇ ਇਹਨਾਂ ਬਚਨਾਂ ਵੱਲ ਧਿਆਨ ਦੇਣਾ ਚਾਹੀਦਾ ਹੈ।)

ਕਈ ਯੋਧੇ ਅਤੇ ਪਹਿਲਵਾਨ ਗੁਰੂ ਜੀ ਪਾਸ ਸੇਵਾ ਵਾਸਤੇ ਆਏ। ਗੁਰੂ ਜੀ ਨੇ ਬਵੰਜਾ ਸੂਰਬੀਰਾਂ ਨੂੰ ਆਪਣੇ ਸਰੀਰਕ ਰਖਿਅਕ ਦੇ ਤੌਰ ਤੇ ਨਿਯੁਕਤ ਕਰ ਦਿਤਾ ਅਤੇ ਇਹ ਗੁਰੂ ਜੀ ਦੀ ਭਵਿਖਤ ਫੌਜ ਦਾ ਬੀਜ -ਕੇਂਦਰ ਬਣ ਗਿਆ। ਪੰਜ ਕੁ ਸੌ ਜਵਾਨ ਪੰਜਾਬ ਤੋਂ ਗੁਰੂ ਜੀ ਪਾਸ ਸੇਵਾ ਵਿੱਚ ਭਰਤੀ ਹੋਣ ਵਾਸਤੇ ਆਏ। ਗੁਰੂ ਜੀ ਨੇ ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਪਿਆਰਾ, ਭਾਈ ਲੰਘਾਹ ਅਤੇ ਭਾਈ ਪਿਰਾਨਾ ਹਰੇਕ ਨੂੰ ਸੌ ਸੌ ਘੋੜ ਸਵਾਰਾਂ ਦੀ ਟੁਕੜੀ ਦਾ ਕਪਤਾਨ ਥਾਪ ਦਿਤਾ। ਲੋਕ ਹੈਰਾਨ ਹੋਣ ਲੱਗੇ ਕਿ ਗੁਰੂ ਜੀ ਅਜੇਹੀ ਫੌਜ ਕਿਸ ਤਰ੍ਹਾਂ ਕਾਇਮ ਰਖਣਗੇ। ਗੁਰੂ ਜੀ ਨੇ ਇਹ ਤੁਕ ਸੁਣਾਈ :

''ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।
ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕੁ ਆਗੈ ਕਰਿ ਧਰਿਆ।"

(ਗੂਜਰੀ ਮਹਲਾ ੫, ਪੰਨਾ ੪੯੫)

ਅਕਾਲ ਤਖ਼ਤ ਇੱਕ ਸੰਸਥਾ ਬਣ ਗਿਆ ਜੋ ਇਸ ਵਿਚਾਰ ਦਾ ਚਿੰਨ੍ਹ ਸੀ ਕਿ ਨਿਆਂ ਦੀ ਰਖਿਆ ਅਤੇ ਆਪਣੀ ਸੁਰਖਿਆ ਵਾਸਤੇ ਤਲਵਾਰ ਦੀ ਵਰਤੋਂ ਲੋੜੀਂਦੀ ਹੈ। ਏਥੇ ਗੁਰੂ ਜੀ ਤਖ਼ਤ ਤੇ ਬੈਠ ਕੇ ਆਪਣੇ ਸਿੱਖਾਂ ਦੇ ਕੁਸ਼ਤੀਆਂ[2] ਦੇ ਅਤੇ ਫੌਜੀ ਕਮਾਲ ਸਾਹਮਣੇ ਖੁਲ੍ਹੇ ਅਖਾੜੇ ਵਿੱਚ ਹੁੰਦੇ ਵੇਖਦੇ। ਇਥੇ ਸਾਰੇ ਗੁੰਝਲਦਾਰ ਮਾਮਲਿਆਂ ਅਤੇ ਝਗੜਿਆਂ ਦੇ ਨਿਪਟਾਰੇ ਗੁਰੂ ਜੀ ਤੋਂ ਹੁੰਦੇ ਹੋਣ ਕਰਕੇ ਅਕਾਲ ਤਖ਼ਤ ਸਿਖਾ ਦੀ ਇੱਕ ਸਰਵ ਉਚ ਅਦਾਲਤ ਦਾ ਮਨੋਰਥ ਪੂਰਾ ਕਰਨ ਲਗ ਗਿਆ। ਤਖ਼ਤ ਤੋਂ ਇਲਾਵਾ, ਗੁਰੂ ਜੀ ਨੇ ਸ਼ਾਹੀ ਪਦ ਦੇ ਹੋਰ ਸਭ ਚਿੰਨ੍ਹ ਧਾਰਨ ਕਰ ਲਏ, ਜਿਵੇਂ ਕਿ, ਛਤਰ, ਤਲਵਾਰਾਂ, ਕਲਗੀ ਅਤੇ ਬਾਜ਼ ਅਤੇ ਇਸਤਰ੍ਹਾਂ ਸਿੱਖ ਉਨ੍ਹਾਂ ਨੂੰ "ਸੱਚਾ ਪਾਤਸ਼ਾਹ" ਕਹਿਣ ਲਗ ਪਏ, ਹਰ ਤਰ੍ਹਾਂ ਦੀ ਦਿਖ ਤੋਂ ਇੱਕ ਬਾਦਸ਼ਾਹ ਪਰ ਕਾਰਜਾਂ ਅਤੇ ਪਾਵਨਤਾ ਵਿੱਚ ਉਤਨੇ ਹੀ ਮਹਾਤਮਾ ਅਤੇ ਮਹਾਨ ਜਿਤਨੇ ਪਿਛਲੇ ਪੰਜ ਗੁਰੂ ਸਾਹਿਬਾਨ ਸਨ। ਲੋਕ ਸੰਸਾਰਕ ਕੰਮਾਂ ਲਈ ਅਗਵਾਈ ਵਾਸਤੇ ਅਕਾਲ ਤਖ਼ਤ ਵਲ ਵੇਖਦੇ। ਇਹ ਪਿਰਤ ਐਨੀ ਮਹੱਤਤਾ ਵਾਲੀ ਹੋ ਗਈ ਅਕਾਲ ਤਖ਼ਤ ਤੇ ਜੋ ਫੈਸਲਾ ਇੱਕ ਵਾਰ ਹੋ ਜਾਂਦਾ ਸਿੱਖ ਉਸ ਨੂੰ ਉਤਸ਼ਾਹ ਨਾਲ ਮੰਨਦੇ ਅਤੇ ਇਹ ਕਾਰਨ ਸੀ ਕਿ ਉਹ ਸਦਾ ਹਰੇਕ ਮੁਸੀਬਤ ਤੇ ਕਾਬੂ ਪਾ ਲੈਂਦੇ। ਇਸ ਪਿਰਤ ਦੇ ਵਾਧੇ ਨੇ ਸਿੱਖ ਲਹਿਰ ਨੂੰ ਪੱਕਿਆ ਕਰਨ ਵਿੱਚ ਬਹੁਤ ਸਾਰੀ ਸਹਾਇਤਾ ਕੀਤੀ।

ਕੁਝ ਲੇਖਕ ਦੋਸ਼ ਲਾਉਂਦੇ ਹਨ ਕਿ ਰਾਜਨੀਤੀ ਦੇ ਆਕਰਸ਼ਣ ਅਤੇ ਸ਼ਸਤਰਾਂ ਦੇ ਠਾਠ-ਬਾਠ ਨੇ ਗੁਰੂ ਜੀ ਨੂੰ ਇੱਕ ਧਾਰਮਕ ਅਤੇ ਅਧਿਆਤਮਕ ਲੀਡਰ ਦੇ ਸੱਚੇ ਰਾਹ ਤੋਂ ਪਰ੍ਹੇ ਲਿਜਾ ਦਿਤਾ। ਉਹਨਾਂ ਦਾ ਨਿਰਣਾ ਬਿਲਕੁਲ ਬੇਬੁਨਿਆਦ ਹੈ। ਪਹਿਲੀ ਗੱਲ, ਗੁਰੂ ਜੀ ਦਾ ਕੋਈ ਰਾਜਨੀਤਕ ਮਨੋਰਥ ਨਹੀਂ ਸੀ ਅਤੇ ਸਮੇਂ ਨੇ ਸਾਬਤ ਕਰ ਦਿਤਾ ਕਿ ਐਸਾ ਕਿਸੇ ਤਰ੍ਹਾਂ ਦਾ ਕੋਈ ਮਨੋਰਥ ਨਹੀਂ ਦਿਸਿਆ। ਦੂਜਾ, ਉਨ੍ਹਾਂ ਦਾ ਰੋਜ਼ ਦਾ ਨਿਯਮ ਸੀ ਕਿ ਪਹਿਲਾਂ ਹਰਿਮੰਦਰ ਸਾਹਿਬ ਜਾਣਾ, ਆਸਾ ਦੀ ਵਾਰ ਦਾ ਕੀਰਤਨ ਸੁਨਣਾ ਅਤੇ ਫਿਰ ਸਿੱਖਾਂ ਨੂੰ ਧਾਰਮਕ ਉਪਦੇਸ਼ ਦੇਣੇ। ਗੁਰੂ ਜੀ ਸਿੱਖ ਧਰਮ ਦੇ ਪ੍ਰਚਾਰ ਵਿੱਚ ਡੂੰਘੀ ਦਿਲਸਪਚੀ ਲੈਂਦੇ ਸਨ ਅਤੇ ਦੇਸ਼ ਦੇ ਵੱਖ ਵੱਖ ਖੇਤਰਾਂ ਵਿੱਚ ਪ੍ਰਚਾਰਕ ਨਿਯੁਕਤ ਕਰਕੇ। ਉਹ ਆਪ ਪੰਜਾਬ ਵਿੱਚ ਵੱਖ ਵੱਖ ਥਾਵਾਂ ਤੇ ਜਾ ਕੇ ਗੁਰਸਿਖੀ ਦੇ ਉਪਦੇਸ਼ ਦਿੰਦੇ ਸਨ। ਪਰ ਗੁਰੂ ਜੀ ਦੀ ਨੀਤੀ ਆਪਣੇ ਆਪ ਵਿੱਚ ਹੀ ਸਮੇਂ ਦੀ ਵੰਗਾਰ ਦਾ ਉਤਰ ਦਰਸਾਉਂਦੀ ਸੀ। ਭਾਈ ਗੁਰਦਾਸ ਜੀ ਨੇ ਉਸ ਸਮੇਂ ਦੇ ਅਨੋਖੇ ਹਾਲਾਤ ਵੱਸ ਗੁਰੂ ਜੀ ਵਲੋਂ ਨੀਤੀ ਦਾ ਬਦਲਿਆ ਜਾਣਾ ਉਚਿਤ ਸਿਧ ਕੀਤਾ ਹੈ :

"ਜਿਵੇਂ ਖੂਹ ਵਿਚੋਂ ਪਾਣੀ ਕੱਢਣ ਲਈ ਡੋਲ ਦੀ ਧੌਣ ਰੱਸੀ ਨਾਲ ਬੰਨ੍ਹਣੀ ਪੈਂਦੀ ਹੈ। ਜਿਵੇਂ ਮਨੀ ਕੱਢਣ ਲਈ ਸੱਪ ਨੂੰ ਮਾਰਨਾ ਪੈਂਦਾ ਹੈ। ਜਿਵੇਂ ਕਸਤੂਰੀ ਲੈਣ ਲਈ ਹਿਰਨ ਨੂੰ ਮਾਰਨਾ ਹੁੰਦਾ ਹੈ। ਜਿਵੇਂ ਤੇਲ ਲਈ ਤਿਲਾਂ ਨੂੰ ਪੀੜਣਾਂ ਪੈਂਦਾ ਹੈ। ਅਨਾਰ ਦੇ ਦਾਣੇ ਲੈਣ ਲਈ ਅਨਾਰ ਨੂੰ ਭੰਨਣਾ ਜ਼ਰੂਰੀ ਹੈ। ਇਸੇ ਤਰ੍ਹਾਂ ਮੂਰਖਾਂ ਨੂੰ ਸੁਧਾਰਨ ਲਈ ਤਲਵਾਰ ਫੜਨੀ ਪੈਂਦੀ ਹੈ।

(ਭਾਈ ਗੁਰਦਾਸ, ਵਾਰ ੩੪, ਪਉੜੀ ੧੩)

ਗੁਰੂ ਹਰਿਗੋਬਿੰਦ ਜੀ ਪਹਿਲੇ ਗੁਰੂ ਜਾਪਦੇ ਹਨ ਜਿਨ੍ਹਾਂ ਨੇ ਬਾਕਾਇਦਾ ਸ਼ਿਕਾਰ ਕਰਨ ਵੱਲ ਧਿਆਨ ਦਿਤਾ। ਅੰਮ੍ਰਿਤਸਰ ਹੰਦਿਆਂ ਉਨ੍ਹਾਂ ਦਾ ਨਿਤਕਰਮ ਸੀ ਸਵੇਰੇ ਅੰਮ੍ਰਿਤ ਵੇਲੇ ਜਾਗ ਕੇ, ਇਸ਼ਨਾਨ ਪਾਣੀ ਕਰਦੇ, ਪੂਰੇ ਸ਼ਸਤਰ ਬਸਤਰ ਪਹਿਨ ਕੇ ਹਰਿਮੰਦਰ ਸਾਹਿਬ ਜਾਂਦੇ ਅਤੇ ਉਥੇ ਜਪੁ ਜੀ ਅਤੇ ਆਸਾ ਦੀ ਵਾਰ ਦਾ ਪਾਠ-ਕੀਰਤਨ ਸੁਣਦੇ। ਅਰਦਾਸ, ਸਮਾਪਤੀ ਪਿਛੋਂ ਵਾਪਸ ਆ ਕੇ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ। ਉਸ ਤੋਂ ਪਿਛੋਂ ਗੁਰੂ ਜੀ ਦੀਆਂ ਫੌਜਾਂ ਅਤੇ ਸ਼ਰਧਾਲੂਆਂ ਨੂੰ ਇੱਕ ਪੰਗਤ ਵਿੱਚ ਬਿਠਾ ਕੇ ਬਿਨਾਂ ਕਿਸੇ ਭੇਦ ਭਾਵ ਤੋਂ ਨਾਸ਼ਤਾ ਕਰਵਾਇਆ ਜਾਂਦਾ ਸੀ। ਉਸ ਪਿਛੋਂ ਗੁਰੂਜੀ ਕੁਝ ਸਮਾਂ ਆਰਾਮ ਕਰਦੇ ਅਤੇ ਫਿਰ ਸ਼ਿਕਾਰ ਖੇਡਣ ਜਾਂਦੇ, ਨਾਲ ਢੋਲ ਵਜਾਉਣ ਵਾਲੇ, ਸ਼ਿਕਾਰੀ ਕੁੱਤੇ, ਪਾਲਤੂ ਚੀਤੇ ਅਤੇ ਹਰੇਕ ਪਾਂਤ ਦੇ ਬਾਜ਼ ਹੁੰਦੇ। ਦੁਪਹਿਰ ਢਲਣ ਪਿਛੋਂ ਗੁਰੂ ਜੀ ਅਕਾਲ ਤਖ਼ਤ 'ਤੇ ਬੈਠ ਕੇ ਮਿਲਣ ਆਏ ਸਿੱਖਾਂ ਅਤੇ ਹੋਰ ਸੰਗਤਾਂ ਨੂੰ ਦਰਸ਼ਨ ਦਿੰਦੇ। ਰਾਗੀ ਗੁਰਬਾਨੀ ਦਾ ਗਾਇਨ ਕਰਦੇ ਅਤੇ ਸੰਧਿਆਂ ਸਮੇਂ ਸੋਦਰ ਦਾ ਪਾਠ ਹੁੰਦਾ। ਅੰਤ ਵੇਲੇ ਬਹੁਤ ਤਰ੍ਹਾਂ ਦੇ ਸਾਜ਼ਾਂ ਦਾ ਸੰਗੀਤ ਹੁੰਦਾ। ਉਸ ਪਿਛੋਂ ਸਭ ਸੰਗਤਾਂ ਸ਼ਾਮ ਦੇ ਭੋਜਨ ਲਈ ਤੁਰ ਜਾਂਦੀਆਂ। ਪਿਛੋਂ ਇੱਕ ਕੀਰਤਨ ਸਮਾਰੋਹ ਹੁੰਦਾ, ਗੁਰਬਾਣੀ ਦਾ ਗਾਇਨ ਕੀਤਾ ਜਾਂਦਾ ਅਤੇ ਫੇਰ ਅਬਦੁੱਲਾ ਸਿੱਖਾਂ ਨੂੰ ਬਹਾਦਰੀ ਦੇ ਕਰਤਵਾਂ ਨਾਲ ਪ੍ਰੇਮ ਉਤੇਜਤ ਕਰਨ ਅਤੇ ਯੋਧਿਆਂ ਦੇ ਅਯੋਗ ਅਹਿਸਾਸ ਦੂਰ ਕਰਨ ਲਈ ਵਾਰਾਂ ਸੁਣਾਉਂਦਾ। ਫਿਰ ਕੀਰਤਨ ਸੋਹਿਲੇ ਦੇ ਪਾਠ ਪਿਛੋਂ ਗੁਰੂ ਜੀ ਆਪਣੇ ਨਿਜੀ ਅਸਥਾਨ ਤੇ ਵਿਸਰਾਮ ਕਰਨ ਚਲੇ ਜਾਂਦੇ।

## ਬੰਦੀ ਛੋੜ :

ਚੰਦੂ ਡਰਦਾ ਸੀ ਕਿ ਗੁਰੂ ਜੀ ਸ਼ਾਇਦ ਆਪਣੇ ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ। ਉਸ ਦੀ ਪੁਤਰੀ ਹਾਲਾਂ ਵੀ ਵਿਆਹੀ ਨਹੀਂ ਗਈ ਸੀ ਅਤੇ ਚੰਦੂ ਨੇ ਗੁਰੂ ਜੀ ਨੂੰ ਇਸ ਦੇ ਰਿਸ਼ਤੇ ਵਾਸਤੇ ਲਿਖਿਆ ਜੋ ਗੁਰੂ ਜੀ ਨੇ ਨਾ-ਪ੍ਰਵਾਨ ਕਰ ਦਿਤਾ। ਇਸ ਤੇ ਚੰਦੂ ਨੇ ਗੁਰੂ ਜੀ ਦੇ ਵਿਰੁਧ ਬਾਦਸ਼ਾਹ ਜਹਾਂਗੀਰ ਕੋਲ ਇੱਕ ਵਾਰ ਫਿਰ ਸ਼ਿਕਾਇਤ ਕੀਤੀ। ਬਦਸ਼ਾਹ ਨੇ ਵਜ਼ੀਰ ਖਾਨ [੧] ਰਾਹੀਂ ਗੁਰੂ ਜੀ ਨੂੰ ਦਿਲੀ ਬੁਲਵਾਇਆ। ਸੋਚ ਵਿਚਾਰ ਕੇ ਗੁਰੂ ਜੀ ਦਿੱਲੀ ਜਾਣਾ ਮੰਨ ਗਏ। ਪਿਛੋਂ ਹਰਿਮੰਦਰ ਸਾਹਿਬ ਦੇ ਸੰਸਾਰਕ ਕਾਰਜਾਂ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਨੂੰ ਅਤੇ ਧਾਰਮਕ ਕਾਰਜਾਂ ਲਈ ਭਾਈ ਗੁਰਦਾਸ ਜੀ ਨੂੰ ਸੌਂਪਣਾ ਕਰ ਗਏ। ਗੁਰੂ ਜੀ ਨੇ ਆਦੇਸ਼ ਦਿੱਤਾ, "ਹਰਿਮੰਦਰ ਸਾਹਿਬ ਵਿਸ਼ੇਸ਼ ਤੌਰ ਤੇ ਅਕਾਲ ਪੁਰਖ ਦੇ ਸੇਵਾ ਵਾਸਤੇ ਅਰਪਿਤ ਹੈ। ਸੋ ਇਸ ਦਾ ਸਦਾ ਸਤਿਕਾਰ ਕੀਤਾ ਜਾਵੇ। ਇਸ ਨੂੰ ਕਦੇ ਵੀ ਮਨੁੱਖੀ ਸਰੀਰ ਦੀ ਅਸ਼ੁਧਤਾ ਨਾਲ ਅਪਵਿਤਰ ਨਾ ਕੀਤਾ ਜਾਵੇ। ਇਸ ਦੇ ਅੰਦਰ ਜੂਆ, ਸ਼ਰਾਬ ਨੋਸ਼ੀ, ਇਸਤਰੀਆਂ ਨਾਲ ਮਾੜਾ ਵਰਤਾਉ ਜਾਂ ਨਿੰਦਿਆਂ ਬਿਲਕੁਲ ਮਨ੍ਹਾਂ ਹੋਵੇ। ਇਸ ਅਸਥਾਨ ਤੇ ਕੋਈ ਚੋਰੀ, ਝੂਠ ਬੋਲਣਾ, ਤੰਬਾਕੂ ਪੀਣਾ, ਜਾਂ ਮੁਕੱਦਮੇਬਾਜ਼ੀ ਨਹੀਂ ਕੀਤੀ ਜਾਏ। ਸਿੱਖਾਂ ਵਲੋਂ ਸਭ ਸਿੱਖਾਂ, ਧਰਮਾਤਮਾ ਪੁਰਸ਼ਾਂ, ਅਤਿਥੀਆਂ, ਓਪਰੇ ਸਜਣਾਂ,ਗਰੀਬਾਂ ਅਤੇ ਨਿਆਸਰਿਆਂ ਦੀ ਸਦਾ ਆਉ-ਭਗਤ ਕੀਤੀ ਜਾਏ। ਮੇਰੇ ਸਿੱਖ ਸਦਾ ਨਿਰਮਤਾ ਧਾਰੀ ਰਖਣ, ਅਕਾਲ ਪੁਰਖ ਦਾ ਸਿਮਰਨ ਕਰਨ, ਆਪਣੇ ਧਰਮ ਦੀ ਉਨਤੀ ਕਰਨ, ਗੁਰਬਾਣੀ ਦੀ ਵਿਚਾਰ ਕਰਨ ਅਤੇ ਗੁਰੂ ਜੀ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਰਹਿਣ।" ਫਿਰ ਗੁਰੂ ਜੀ ਦਿੱਲੀ ਚਲੇ ਗਏ।

ਵਜ਼ੀਰ ਖਾਨ ਦੇ ਰਸੂਖ ਕਾਰਨ, ਬਾਦਸ਼ਾਹ ਨੇ ਪ੍ਰਗਟ ਤੌਰ ਤੇ ਗੁਰੂ ਜੀ ਦਾ ਬਹੁਤ ਆਦਰ ਕੀਤਾ। ਗੁਰੂ ਜੀ ਨੂੰ ਬੜੀ ਜਵਾਨ ਉਮਰ ਦੇ ਅਤੇ ਗੁਰਗੱਦੀ ਦੇ ਮਾਲਕ ਵੇਖ ਕੇ, ਬਾਦਸ਼ਾਹ ਨੇ ਇਨ੍ਹਾਂ ਨਾਲ ਬਹੁਤ ਸਾਰਾ ਰੂਹਾਨੀ ਵਿਚਾਰ-ਵਟਾਂਦਰਾ ਕੀਤਾ, ਗੁਰੂ ਜੀ ਦੇ ਰੂਹਾਨੀ ਗਿਆਨ ਨੂੰ ਪਰਖਣ ਲਈ।

ਬਾਦਸ਼ਾਹ ਨੇ ਸੁਣਿਆ ਹੋਇਆ ਸੀ ਕਿ ਗੁਰੂ ਜੀ ਸ਼ਿਕਾਰ ਖੇਡਣਾ ਪਸੰਦ ਕਰਦੇ ਹਨ ਸੋ ਉਸ ਨੇ ਗੁਰੂ ਜੀ ਨੂੰ ਇੱਕ ਦਿਨ ਸ਼ਿਕਾਰ ਖੇਡਣ ਲਈ ਨਾਲ ਚਲਣ ਵਾਸਤੇ ਬੇਨਤੀ ਕੀਤੀ। ਜੰਗਲ ਵਿੱਚ ਇੱਕ ਸ਼ੇਰ ਬਾਦਸ਼ਾਹ ਵੱਲ ਤੇਜ਼ੀ ਨਾਲ ਦੌੜਿਆ। ਹਾਥੀ ਅਤੇ ਘੋੜੇ ਡਰ ਗਏ। ਸ਼ੇਰ ਵਲ ਗੋਲੀਆਂ ਅਤੇ ਤੀਰ ਚਲਾਏ ਗਏ ਪਰ ਵਿਅਰਥ ਗਏ। ਬਾਦਸ਼ਾਹ ਡਰ ਨਾਲ ਬਿਲਕੁਲ ਸੁੰਨ ਹੋ ਗਿਆ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਉਸ ਨੂੰ ਬਚਾਉਣ ਲਈ। ਗੁਰੂ ਜੀ ਆਪਣੇ ਘੋੜੇ ਤੋਂ ਇਕਦਮ ਉਤਰੇ ਅਤੇ ਆਪਣੀ ਤਲਵਾਰ ਅਤੇ ਢਾਲ ਫੜ ਕੇ ਸ਼ੇਰ ਅਤੇ ਬਾਦਸ਼ਾਹ ਵਿਚਕਾਰ ਦੌੜ ਕੇ ਆਏ। ਜਿਉਂ ਹੀ ਸ਼ੇਰ ਉਛਲਿਆ, ਗੁਰੂ ਜੀ ਨੇ ਉਸ ਉਤੇ ਤਲਵਾਰ ਦਾ ਵਾਰ ਕੀਤਾ ਅਤੇ ਉਹ ਮੁਰਦਾ ਹੋ ਕੇ ਜ਼ਮੀਨ ਤੇ ਢਹਿ ਪਿਆ। ਬਾਦਸ਼ਾਹ ਨੇ ਪ੍ਰਮਾਤਮਾ ਦਾ ਸ਼ੁਕਰ ਕੀਤਾ ਕਿ ਗੁਰੂਜੀ ਨੇ ਬੜੀ ਬਹਾਦਰੀ ਨਾਲ ਉਸ ਦੀ ਜਾਨ ਬਚਾ ਦਿੱਤੀ।

ਬਾਦਸ਼ਾਹ ਨੇ ਆਗਰੇ ਜਾਣਾ ਸੀ ਅਤੇ ਉਸ ਨੇ ਗੁਰੂ ਜੀ ਨੂੰ ਨਾਲ ਚਲਣ ਲਈ ਬੇਨਤੀ ਕੀਤੀ। ਬਹੁਤ ਵਾਰੀ ਕਹਿਣ ਤੇ ਗੁਰੂ ਜੀ ਨਾਲ ਜਾਣ ਲਈ ਮੰਨ ਗਏ। ਜਦ ਦੋਵੇਂ ਆਗਰਾ ਪੁੱਜੇ ਤਾਂ ਉਥੋਂ ਦੀਆਂ ਸੰਗਤਾਂ ਨੇ ਗੁਰੂ ਜੀ ਦਾ ਬੜੀਆਂ ਖੁਸ਼ੀਆਂ ਨਾਲ ਸਵਾਗਤ ਕੀਤਾ। ਗੁਰੂ ਜੀ ਅਤੇ ਬਾਦਸ਼ਾਹ ਦੀ ਵਧ ਰਹੀ ਮਿਤਰਤਾ ਵੇਖ ਕੇ ਚੰਦੂ ਆਪਣੇ ਮਨ ਵਿੱਚ ਸੋਚਣ ਲੱਗਾ, 'ਇਸਤਰ੍ਹਾਂ ਤਾਂ ਗੁਰੂ ਜੀ ਜਦ ਵੀ ਮੌਕਾ ਮਿਲਿਆ ਮੇਰੇ ਤੋਂ ਬਦਲਾ ਲੈਣਗੇ। ਮੈਂ ਤਦ ਹੀ ਬਚ ਸਕਾਂਗਾ ਜੇ ਕਿਸੇ ਨ ਕਿਸੇ ਤਰ੍ਹਾਂ ਇਹ ਮਿਤਰਤਾ ਤੋੜਣ ਜਾਂ ਉਨ੍ਹਾਂ ਨੂੰ ਕੈਦ ਕਰਾਉਣ ਲਈ ਸਫਲ ਹੋਵਾਂ ਅਤੇ ਇਸ ਵਾਸਤੇ ਮੈਨੂੰ ਹਰ ਹੀਲਾ ਕਰਨਾ ਚਾਹੀਦਾ ਹੈ।"

ਬਾਦਸ਼ਾਹ ਬੀਮਾਰ ਹੋ ਗਿਆ ਅਤੇ ਉਸ ਨੇ ਆਪਣੇ ਜੋਤਸ਼ੀ ਨੂੰ ਇਸ ਦੇ ਗ੍ਰਹਿ ਪਰਖਣ ਅਤੇ ਇਲਾਜ ਲਭਣ ਲਈ ਬੁਲਾ ਭੇਜਿਆ। ਚੰਦੂ ਨੇ ਇਸ ਸਥਿਤੀ ਦਾ ਲਾਭ ਉਠਾਉਂਦਿਆਂ ਜੋਤਸ਼ੀ ਨੂੰ ਬਹੁਤ ਭਾਰੀ ਰਿਸ਼ਵਤ ਦੇ ਕੇ ਗੁਰੂ ਜੀ ਅਤੇ ਬਾਦਸ਼ਾਹ ਦੀ ਮਿਤਰਤਾ ਤੋੜਨ ਲਈ ਤਿਆਰ ਕੀਤਾ। ਜੋਤਸ਼ੀ ਨੇ ਉਸੇਤਰ੍ਹਾਂ ਬਾਦਸ਼ਾਹ ਨੂੰ ਸਲਾਹ ਦਿਤੀ ਕਿ ਇੱਕ ਧਰਮਾਤਮਾ ਆਦਮੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਭੇਜ ਕੇ ਬਾਦਸ਼ਾਹ ਦੀ ਅਰੋਗਤਾ ਵਾਸਤੇ ਉਪਾਸ਼ਨਾ ਕਰਾਉਣੀ ਚਾਹੀਦੀ ਹੈ। ਦੂਜੇ ਪਾਸੇ ਚੰਦੂ ਨੇ ਬਾਦਸ਼ਾਹ ਨੂੰ ਸਲਾਹ ਦਿਤੀ ਕਿ ਗੁਰੂ ਹਰਿਗੋਬਿੰਦ ਸਾਹਿਬ ਸਭ ਤੋਂ ਵਧ ਧਰਮਾਤਮਾ ਪੁਰਸ਼ ਹਨ, ਅਤੇ ਇਸਤਰ੍ਹਾਂ ਦੋਗਲਾ ਕੰਮ ਕੀਤਾ। ਜਹਾਂਗੀਰ ਨੇ ਗੁਰੂ ਜੀ ਨੂੰ ਗਵਾਲਅਰ ਕਿਲ੍ਹੇ ਵਿੱਚ ਜਾਣ ਲਈ ਬੇਨਤੀ ਕੀਤੀ ਜੋ ਉਨ੍ਹਾਂ ਨੇ ਬਿਨਾਂ ਝਿਜਕ ਪ੍ਰਵਾਨ ਕਰ ਲਈ ਕਿਉਂਕਿ ਉਥੇ ਇੱਕ ਹੋਰ ਧਰਮ-ਕਾਰਜ ਆਪ ਜੀ ਦੀ ਉਡੀਕ ਵਿੱਚ ਸੀ।

ਕਿਲ੍ਹੇ ਵਿੱਚ ਜਦ ਪਤਾ ਲੱਗਾ ਕਿ ਗੁਰੂ ਜੀ ਆ ਰਹੇ ਹਨ ਤਾਂ ਇੱਕ ਖੁਸ਼ੀ ਦੀ ਲਹਿਰ ਦੌੜ ਗਈ। ਉਥੇ ਬਵਿੰਜਾ ਰਾਜੇ ਕੈਦ ਕੀਤੇ ਹੋਏ ਸਨ ਜੋ ਪਰੇਸ਼ਾਨ ਅਤੇ ਵਿਲਕਦਿਆਂ ਦਿਨ ਲੰਘਾ ਰਹੇ ਸਨ। ਉਹਨਾਂ ਨੂੰ ਯਕੀਨ ਸੀ ਕਿ ਗੁਰੂ ਜੀ ਵਿਚੋਲੇ ਬਣ ਕੇ ਉਹਨਾਂ ਨੂੰ ਰਿਹਾ ਕਰਵਾ ਦੇਣਗੇ। ਕਿਲ੍ਹੇ ਦਾ ਪ੍ਰਬੰਧਕ ਹਰੀ ਦਾਸ ਵੀ ਖੁਸ਼ ਸੀ ਕਿਉਂਕਿ ਉਹ ਗੁਰੂ ਜੀ ਦੇ ਦਰਸ਼ਨਾਂ ਲਈ ਸੋਚ ਰਿਹਾ ਸੀ। ਉਹ ਗੁਰੂ ਜੀ ਦਾ ਅੱਗੇ ਹੋ ਕੇ ਸਵਾਗਤ ਕਰਨ ਆਇਆ ਅਤੇ ਡੰਡਉਤ ਕੀਤੀ। ਗੁਰੂ ਜੀ ਸਾਰੇ ਰਾਜਿਆਂ ਨੂੰ ਮਿਲੇ, ਦਿਲਾਸਾ ਦਿਤਾ ਅਤੇ ਸ਼ਾਂਤੀ ਪ੍ਰਦਾਨ ਕੀਤੀ ਜਿਸ ਕਾਰਨ ਉਹ ਕਸ਼ਟ ਵਿੱਚ ਵੀ ਪ੍ਰਸੰਨ-ਚਿਤ ਹੋ ਗਏ।

ਚੰਦੂ ਨੇ ਦੋ ਕੁ ਚਿਠੀਆਂ ਹਰੀਦਾਸ ਨੂੰ ਲਿਖੀਆਂ ਕਿ ਗੁਰੂ ਜੀ ਨੂੰ ਜ਼ਹਿਰ ਦੇ ਕੇ ਮੁਕਾ ਦੇਵੇ। ਪਰ ਉਸ ਨੇ ਸਭ ਚਿੱਠੀਆਂ ਗੁਰੂ ਜੀ ਸਾਹਮਣੇ ਲਿਆ ਧਰੀਆਂ ਕਿਉਂ ਜੋ ਉਹ ਗੁਰੂ ਜੀ ਦਾ ਸਿੱਖ ਬਣਿਆ ਹੋਇਆ ਸੀ। ਉਸ ਸਮੇਂ ਗੁਰੂ ਜੀ ਨੇ ਉਸ ਸਮੇਂ ਇਹ ਸ਼ਬਦ ਪੜ੍ਹਿਆ :

"ਨਿੰਦਕੁ ਐਸੇਹੀ ਝਰਿ ਪਰੀਐ।
ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ।ਰਹਾਉ।
ਜਉ ਦੇਖੈ ਛਿਦ੍ਰ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ।
ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ।
ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ ਹਰਿ ਜਨ ਸਿਉ ਬਾਦੁ ਉਠਰੀਐ।
ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ।"

(ਬਿਲਾਵਲੁ, ਮਹਲਾ ੫, ਪੰਨਾ ੮੨੩)

ਜਹਾਂਗੀਰ ਬੀਮਾਰੀ ਤੋਂ ਰਾਜ਼ੀ ਹੋ ਗਿਆ ਗੁਰੂ ਜੀ ਅਜੇ ਵੀ ਗਵਾਲੀਅਰ ਕਿਲ੍ਹੇ ਵਿੱਚ ਸਨ। ਜਦ ਬਾਦਸ਼ਾਹ ਨੇ ਵਜ਼ੀਰ ਖਾਨ ਦੀ ਗੁਰੂ ਜੀ ਵਾਸਤੇ ਦਲੀਲ ਸੁਣੀ (ਕਈ ਕਹਿੰਦੇ ਹਨ ਕਿ ਸਾਂਈਂ ਮੀਆਂ ਮੀਰ ਦੀ ਵੀ), ਉਸ ਨੇ ਹੁਕਮ ਦਿਤਾ ਕਿ ਗੁਰੂ ਜੀ ਨੂੰ ਉਸ ਅਗੇ ਪੇਸ਼ ਕੀਤਾ ਜਾਏ। ਇਹ ਸੁਣ ਕੇ ਕੈਦੀ ਰਾਜੇ ਬਹੁਤ ਹੀ ਦੁਖੀ ਹੋਏ। ਗੁਰੂ ਜੀ ਨੇ ਕਿਲ੍ਹੇ ਵਿਚੋਂ ਬਾਹਰ ਆਉਣ ਤੋਂ ਇਨਕਾਰ ਕਰ ਦਿਤਾ ਜਦ ਤਕ ਸਾਰੇ ਰਾਜੇ ਰਿਹਾ ਨਾ ਕੀਤੇ ਜਾਣ। ਜਹਾਂਗੀਰ ਨੇ ਗੁਰੂ ਜੀ ਦੀ ਇੱਛਾ ਮੰਨ ਕੇ ਸਾਰੇ ਬਵਿੰਜਾ ਰਾਜੇ ਵੀ ਰਿਹਾ ਕਰ ਦਿਤੇ। ਇਸ ਕਰਕੇ ਗਵਾਲੀਅਰ ਵਿੱਚ ਗੁਰੂ ਜੀ ਨੂੰ ਅਜੇ ਵੀ ਬੰਦੀ ਛੋੜ ਕਹਿ ਕੇ ਯਾਦ ਕੀਤਾ ਜਾਂਦਾ ਹੈ। ਗਵਾਲੀਅਰ ਦੇ ਇਸ ਇਤਿਹਾਸਕ ਕਿਲ੍ਹੇ ਵਿੱਚ ਗੁਰੂ ਜੀ ਦੀ ਯਾਦ ਵਿੱਚ ਅੱਜ ਵੀ ਗੁਰਦੁਆਰਾ ਬਣਿਆ ਹੋਇਆ ਹੈ।[੨]

ਮੀਆਂ ਮੀਰ ਨੇ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਅਰਜਨ ਦੇਵ ਜੀ ਦੀ ਨਿਰਦੋਸ਼ਤਾ ਦਾ ਯਕੀਨ ਦਿਵਾਇਆ ਅਤੇ ਕਿਹਾ ਕਿ ਤੇਰੇ ਜ਼ਾਲਮ ਹੁਕਮਾਂ ਹੇਠ ਉਸ ਇਲਾਹੀ ਗੁਰੂ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰ ਦਿਤਾ। ਪਰ ਬਾਦਸ਼ਾਹ ਨੇ ਕਿਹਾ ਕਿ ਉਸ ਦਾ ਇਸ ਵਿੱਚ ਕੋਈ ਹੱਥ ਨਹੀਂ ਅਤੇ ਗੁਰੂ ਜੀ ਨੂੰ ਤਸੀਹੇ ਦੇਣ ਦੀ ਸਾਰੀ ਜ਼ਿੰਮੇਵਾਰੀ ਚੰਦੂ ਦੀ ਹੈ। ਬਾਦਸ਼ਾਹ ਦੇ ਹੁਕਮ ਨਾਲ ਚੰਦੂ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਜਾਂਦਾ ਗਿਆ ਜਿਥੇ ਉਸ ਨੂੰ ਮੌਤ ਦੀ ਸਜ਼ਾ ਦੇਣੀ ਸੀ। ਉਸ ਦਾ ਲਾਹੌਰ ਦੀਆਂ ਸੜਕਾਂ ਤੇ ਜਲੂਸ ਕੱਢਿਆ ਗਿਆ, ਲੋਕਾਂ ਨੇ ਉਸ ਤੇ ਗੰਦ ਸੁਟਿਆ ਅਤੇ ਫਿਟਕਾਰਾਂ ਪਾਈਆਂ। ਇੱਕ ਭੱਠੀ ਤੇ ਦਾਣੇ ਭੁੰਨਣ ਵਾਲੇ ਨੇ ਚੰਦੂ ਦੇ ਸਿਰ ਤੇ ਲੋਹੇ ਦਾ ਕੜਛਾ ਜ਼ੋਰ ਨਾਲ ਮਾਰਿਆ ਅਤੇ ਚੰਦੂ ਦੀ ਮੌਤ ਹੋ ਗਈ। ਜਦ ਬਾਦਸ਼ਾਹ ਨੂੰ ਚੰਦੂ ਦੀ ਮੌਤ ਦੀ ਖ਼ਬਰ ਮਿਲੀ ਤਾਂ ਕਹਿਣ ਲਗਾ ਕਿ ਇਹ ਪੂਰੀ ਤਰ੍ਹਾਂ ਅਜੇਹੀ ਮੌਤ ਦਾ ਹੀ ਹੱਕਦਾਰ ਸੀ। ਪਰ ਗੁਰੂ ਜੀ ਨੇ ਅਰਦਾਸ ਕੀਤੀ ਕਿ ਚੰਦੂ ਨੇ ਇਸ ਜਨਮ ਵਿੱਚ ਆਪਣੇ ਪਾਪਾਂ ਦੀ ਸਜ਼ਾ ਕਸ਼ਟ ਪਾ ਲਿਆ ਹੈ ਅਕਾਲ ਪੁਰਖ ਜੀ ਹੁਣ ਇਸ ਨੂੰ ਬਖਸ਼ ਦੇਣ।

ਕਾਬਲ ਦੇ ਇੱਕ ਮਸੰਦ, ਸੁਜਾਨ, ਨੇ ਸੰਗਤਾਂ ਵਲੋਂ ਆਏ ਗੁਰੂ ਜੀ ਲਈ ਦਸਵੰਧ ਅਤੇ ਹੋਰ ਭੇਟਾਵਾਂ ਵਿਚੋਂ ਕੱਢ ਕੇ ਬਹੁਤ ਸਾਰਾ ਧਨ ਇਕੱਠਾ ਕਰ ਰਖਿਆ ਸੀ। ਉਸ ਨੂੰ ਪਤਾ ਲੱਗਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਘੋੜਿਆਂ ਨੂੰ ਬਹੁਤ ਪਸੰਦ ਕਰਦੇ ਹਨ। ਉਸ ਨੇ ਦੂਰ ਨੇੜੇ ਢੂੰਡ ਕੀਤੀ ਅਤੇ ਅਖੀਰ ਇੱਕ ਦੁਰਲੱਭ ਸੁੰਦਰਤਾ ਅਤੇ ਚਾਲ ਵਾਲਾ ਘੋੜਾ ਮਿਲ ਗਿਆ ਜੋ ਉਸ ਨੇ ਗੁਰੂ ਜੀ ਦੀ ਭੇਟਾ ਕਰਨ ਵਾਸਤੇ ਇੱਕ ਲਖ ਰੁਪਏ ਤੋਂ ਖਰੀਦ ਲਿਆ। ਗੁਰੂ ਜੀਹ ਵਲ ਆ ਰਿਹਾ ਸੁਜਾਨ ਜਦ ਸਿੰਧ ਦਰਿਆ ਪਾਰ ਕਰ ਰਿਹਾ ਸੀ ਤਾਂ ਇੱਕ ਅਫਸਰ ਦੀ ਨਜ਼ਰ ਘੋੜੇ ਤੇ ਪਈ ਅਤੇ ਇਸ ਦੀ ਅਨੂਠੀ ਢਬ ਅਤੇ ਸੁੰਦਰਤਾ ਵੇਖਦਿਆਂ ਘੋੜਾ ਕਾਬੂ ਕਰ ਲਿਆ, ਇਹ ਕਹਿ ਕੇ ਕਿ ਇਹ ਬਾਦਸ਼ਾਹ ਦੇ ਚੜ੍ਹਨ ਲਾਇਕ ਹੈ ਅਤੇ ਉਥੇ ਭੇਜਿਆ ਜਾਏਗਾ। ਸੁਜਾਨ ਨੇ ਗੁਰੂ ਜੀ ਨੂੰ ਘੋੜਾ ਖੋਹੇ ਜਾਣ ਦਾ ਹਾਲ ਦੱਸਿਆ। ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤੀ ਅਤੇ ਬਚਨ ਕੀਤਾ ਕਿ ਇਸ ਘੋੜੇ ਦੀ ਸਵਾਰੀ ਸਿਵਾਇ ਉਨ੍ਹਾਂ ਦੇ ਹੋਰ ਕੋਈ ਨਹੀਂ ਕਰੇਗਾ।

ਜਦ ਬਾਦਸ਼ਾਹ ਘੋੜੇ ਤੇ ਸਵਾਰ ਹੋਣ ਲਗਾ ਤਾਂ ਘੋੜੇ ਨੇ ਆਪਣਾ ਸਿਰ ਘੁਮਾ ਲਿਆ ਜੋ ਮਾੜਾ ਸਗਨ ਸਮਝਿਆ ਗਿਆ। ਕੁਝ ਸਮੇਂ ਪਿਛੋਂ ਘੋੜਾ ਬਿਮਾਰ ਪੈ ਗਿਆ ਅਤੇ ਨ ਕੁਝ ਖਾਏ ਨਾ ਪੀਵੇ। ਜਿੰਨੇ ਇਲਾਜ ਪਤਾ ਸਨ ਕੀਤੇ ਪਰ ਵਿਅਰਥ ਗਏ। ਜਦ ਘੋੜਾ ਮਰਨ ਕਿਨਾਰੇ ਸੀ ਤਾਂ ਮੁਖੀ ਕਾਜ਼ੀ ਰੁਸਤਮ ਖਾਨ ਨੇ ਸੁਝਾਅ ਦਿਤਾ ਕਿ ਜੇ ਇਸ ਦੇ ਲਈ ਕੁਰਾਨ ਪੜ੍ਹਿਆ ਜਾਏ ਤਾਂ ਸ਼ਾਇਦ ਰਾਜ਼ੀ ਹੋ ਜਾਏ। ਸੋ ਘੋੜਾ ਕਾਜੀ ਨੂੰ ਦੇ ਦਿਤਾ।

ਜਦ ਕਾਜ਼ੀ ਘੋੜਾ ਲੈ ਕੇ ਘਰ ਜਾ ਰਿਹਾ ਸੀ ਤਾਂ ਗੁਰੂ ਜੀ ਦੇ ਤੰਬੂਆਂ ਕੋਲੋਂ ਲੰਘਦਿਆਂ (ਗੁਰੂ ਜੀ ਉਸ ਸਮੇਂ ਲਾਹੌਰ ਹੀ ਸਨ) ਘੋੜਾ ਹਿਣਹਿਣਾਇਆ। ਕਾਜ਼ੀ ਨਾਲ ਗੱਲਬਾਤ ਕਰਕੇ ਘੋੜਾ ਗੁਰੂ ਜੀ ਵਾਸਤੇ ਦਸ ਹਜ਼ਾਰ ਰੁਪਏ ਤੋਂ ਮੁੱਲ ਲੈ ਲਿਆ ਗਿਆ। ਗੁਰੂ ਜੀ ਨੇ ਘੋੜੇ ਦੀ ਧੌਣ ਤੇ ਥਾਪੀ ਦਿਤੀ ਅਤੇ ਘੋੜਾ ਰਾਜ਼ੀ ਹੋਣਾ ਸ਼ੁਰੂ ਹੋ ਗਿਆ।

## ਕੌਲਾਂ :

ਕਾਜ਼ੀ ਦੀ ਇੱਕ ਸੁੰਦਰ ਬੇਟੀ ਸੀ, ਕੌਲਾਂ ³ ਜੋ ਮੀਆਂ ਮੀਰ ਜੀ ਦੀ ਸ਼ਰਧਾਲੂ ਸੀ। ਬਚਪਨ ਤੋਂ ਹੀ ਉਹ ਆਪਣੇ ਮਨ ਨੂੰ ਪ੍ਰਮਾਤਮਾ ਦੇ ਨਾਮ ਦੀ ਸੋਭਾ ਕਰਨ ਅਤੇ ਸੰਤਾਂ ਦੀ ਸੰਗਤ ਵਿੱਚ ਪ੍ਰਮਾਤਮਾ ਦਾ ਸਿਮਰਨ ਕਰਨ ਵਿੱਚ ਲਾ ਰੱਖਿਆ ਸੀ। ਮੀਆਂ ਮੀਰ ਜੀ ਦੀ ਪਾਵਨ ਸੰਗਤ ਰਾਹੀਂ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਵਡਿਆਈਆਂ ਸੁਣੀਆਂ ਹੋਈਆਂ ਸਨ ਅਤੇ ਉਹ ਆਪਣੇ ਪਰਵਾਰ ਵਿੱਚ ਗੁਰੂ ਜੀ ਦੀ ਸੋਭਾ ਕਰਦੀ ਰਹਿੰਦੀ। ਇਸ ਤੋਂ ਉਸ ਦੇ ਪਿਤਾ ਨੂੰ ਬਹੁਤ ਹੀ ਗੁੱਸਾ ਚੜ੍ਹ ਗਿਆ, ਜਿਸ ਨੇ ਉਸ ਨੂੰ ਕਿਹਾ, "ਓ ਕਾਫ਼ਰ ਲੜਕੀ, ਤੂੰ ਇੱਕ ਕਾਫ਼ਰ (ਗੁਰੂ) ਦੀ ਤਾਰੀਫ ਕਰਦੀ ਹੈਂ ਅਤੇ ਮੁਹੰਮਦ ਸਾਹਿਬ ਦੇ ਕਾਇਦੇ ਕਾਨੂੰਨ ਨਹੀਂ ਮੰਨਦੀ ਜਿਸ ਦੇ ਤਹਿਤ ਇਸ ਤਰ੍ਹਾਂ ਕਰਨਾ ਮਨ੍ਹਾਂ ਹੈ, ਨਹੀਂ ਤਾਂ ਇਸ ਦੀ ਸਜ਼ਾ ਮੌਤ ਹੈ ?" ਕੌਲਾਂ ਨੇ ਉਤਰ ਦਿਤਾ, "ਬਾਪੂ ਜੀ, ਮੁਹੰਮਦ ਸਾਹਿਬ ਦਾ ਕਾਨੂੰਨ ਧਰਮੀ ਬੰਦਿਆਂ ਉਤੇ ਲਾਗੂ ਨਹੀਂ ਹੁੰਦਾ। ਸੰਤ ਫਕੀਰ ਪ੍ਰਮਾਤਮਾ ਦੇ ਚਾਕਰ ਹੁੰਦੇ ਹਨ" ਇਹ ਸੁਣ ਕੇ ਕਾਜ਼ੀ ਤਅੱਸਬ ਅਤੇ ਗੁੱਸੇ ਨਾਲ ਸੜ ਬਲ ਗਿਆ। ਆਪਣੇ ਸਾਥੀ ਕਾਜ਼ੀਆਂ ਨਾਲ ਸਲਾਹ ਕਰਕੇ ਉਸ ਨੇ ਆਪਣੀ ਬੇਟੀ ਲਈ ਮੁਹੰਮਦ ਸਾਹਿਬ ਦੇ ਕਾਇਦੇ ਕਾਨੂੰਨ ਦੇ ਬਰਖਿਲਾਫ ਜਾਣ ਕਰਕੇ ਮੌਤ ਦਾ ਹੁਕਮ ਸੁਣਾ ਦਿਤਾ।

ਕੌਲਾਂ ਦੀ ਮਾਂ ਨੇ ਆਪਣੀ ਬੇਟੀ ਅਤੇ ਮੀਆਂ ਮੀਰ ਜੀ ਨੂੰ ਕਾਜ਼ੀ ਵਲੋਂ ਦਿਤੇ ਫਤਵੇ (ਹੁਕਮ) ਬਾਰੇ ਦੱਸਿਆ। ਮੀਆਂ ਮੀਰ ਜੀ ਨੇ ਕੌਲਾਂ ਨੂੰ ਸਲਾਹ ਦਿਤੀ, "ਇਸ ਸਜ਼ਾ ਤੋਂ ਤੈਨੂੰ ਬਚਾਉਣ ਦਾ ਕੋਈ ਰਸਤਾ ਨਹੀਂ ਜਾਪਦਾ। ਇਹ ਵਧੇਰੇ ਚੰਗਾ ਹੈ ਕਿ ਤੂੰ ਅੰਮ੍ਰਿਤਸਰ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਰਨ ਜਾ ਕੇ ਉਨ੍ਹਾਂ ਤੋਂ ਰੱਖਿਆ ਦੀ ਬੇਨਤੀ ਕਰ। ਹੋਰ ਤੈਨੂੰ ਕੋਈ ਨਹੀਂ ਬਚਾ ਸਕਦਾ।" ਕੌਲਾਂ ਨੇ ਮੀਆਂ ਮੀਰ ਜੀ ਦੀ ਸਲਾਹ ਮੰਨ ਲਈ ਅਤੇ ਅੰਮ੍ਰਿਤਸਰ ਚਲੀ ਗਈ।

ਕੌਲਾਂ ਨੇ ਗੁਰੂ ਜੀ ਦੀ ਰੱਖਿਆ ਹੇਠ ਜੀਵਨ ਗੁਜ਼ਾਰਨਾ ਅਰੰਭ ਦਿਤਾ। ਰਹਿਣ ਲਈ ਉਸ ਨੂੰ ਇੱਕ ਵਖਰਾ ਮਕਾਨ ਦਿਤਾ ਗਿਆ।ਕੌਲਾਂ ਨੂੰ ਹੇਠ ਲਿਖਿਆ ਸ਼ਬਦ ਵਾਰ ਵਾਰ ਪੜ੍ਹਨ ਨਾਲ ਬੜਾ ਧੀਰਜ ਮਿਲਦਾ ਸੀ :

"ਮਾਈ ਸੰਤ ਸੰਗਿ ਜਾਗੀ।
ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ।ਰਹਾਉ।
ਦਰਸਲ ਪਿਆਸ ਲੋਚਨ ਤਾਰ ਲਾਗੀ।
ਬਿਸਰੀ ਤਿਆਸ ਬਿਡਾਨੀ।
ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨੁ ਪੇਖਤ ਮਨੁ ਲਪਟਾਨੀ।
ਦੇਖਿ ਦਮੋਦਰ ਰਹਸੁ ਮਨਿ ਉਪਜਿਓ ਨਾਨਕ ਪਿਅ ਅੰਮ੍ਰਿਤ ਬਾਨੀ।

(ਕੇਦਾਰਾ ਮਹਲਾ ੫, ਪੰਨਾ ੧੧੧੯)

ਇਸ ਤਰ੍ਹਾਂ ਕਫੀ ਸਮਾਂ ਲੰਘ ਗਿਆ ਕਿ ਇੱਕ ਦਿਨ ਕੌਲਾਂ ਨੇ ਆਪਣਾ ਸਾਰਾ ਗਹਿਣਾ-ਗੱਟਾ ਲੈ ਕੇ ਗੁਰੂ ਜੀ ਦੇ ਅੱਗੇ ਲਿਆ ਰਖਿਆ ਅਤੇ ਬੇਨਤੀ ਕੀਤੀ, "ਹੇ ਗਰੀਬ ਨਿਵਾਜ, ਇਸ ਗਹਿਣੇ ਨੂੰ ਵੇਚ ਕੇ ਉਹ ਰਕਮ ਕਿਸੇ ਧਾਰਮਕ ਅਰਥ ਲਵਾਉ ਜਿਸ ਨਾਲ ਦੁਨੀਆਂ ਵਿੱਚ ਮੇਰਾ ਨਾਮ ਕੁਝ ਸਮੇਂ ਤਕ ਯਾਦ ਆਉਂਦਾ ਰਹੇ।" ਗੁਰੂ ਜੀ ਨੇ ਉਸ ਰਕਮ ਨਾਲ ਸੰਨ ੧੬੨੧ ਵਿੱਚ ਕੌਲਾਂ ਦੇ ਨਾਮ ਦਾ ਇੱਕ ਸਰੋਵਰ ਤਿਆਰ ਕਰਵਾ ਦਿਤਾ। ਇਹ ਸਰੋਵਰ ਅੱਜ ਵੀ ਅੰਮ੍ਰਿਤਸਰ ਵਿੱਚ ਕੌਲਸਰ ਨਾਮ ਨਾਲ ਪ੍ਰਸਿੱਧ ਹੈ। ਗੁਰੂ ਜੀ ਨੇ ਬਿਬੇਕਸਰ ਨਾਮ ਦਾ ਇੱਕ ਹੋਰ ਸਰੋਵਰ ਵੀ ਬਣਵਾ ਦਿਤਾ, ਉਸ ਥਾਂ ਦੀ ਯਾਦ ਵਿੱਚ ਜਿਥੇ ਗੁਰੂ ਜੀ ਨੇ ਆਪਦੇ ਸਿੱਖਾਂ ਨੂੰ ਪਰਮਾਰਥਕ ਉਪਦੇਸ਼ ਦਿਤਾ ਸੀ। ਹੁਣ ਹਰਿਮੰਦਰ ਸਹਿਬ ਦੇ ਆਲੇ ਦੁਆਲੇ ਪੰਜ ਸਰੋਵਰ ਹਨ : ਸੰਤੋਖਸਰ, ਅੰਮ੍ਰਿਤਸਰ, ਰਾਮਸਰ, ਕੌਲਸਰ ਅਤੇ ਬਿਬੇਕਸਰ।

## ਮੁਗਲ ਫੌਜਾਂ ਅਤੇ ਗੁਰੂ ਜੀ :

ਬਾਦਸ਼ਾਹ ਜਹਾਂਗੀਰ ਦੀ ਮੌਤ ਕਸ਼ਮੀਰ ਵਿੱਚ ਹੋ ਚੁੱਕੀ ਸੀ ਅਤੇ ਉਸ ਦਾ ਪੁਤੱਰ ਸ਼ਾਹਜਹਾਨ ਭਾਰਤ ਦਾ ਬਾਦਸ਼ਾਹ ਬਣ ਗਿਆ ਸੀ।

ਜਦ ਪ੍ਰਿਥੀਏ ਦੇ ਪੁੱਤਰ ਮੇਹਰਬਾਨ ਨੇ ਚੰਦੂ ਦੀ ਮੌਤ ਦਾ ਸੁਣਿਆ ਤਾਂ ਉਸ ਨੂੰ ਬੜਾ ਦਖ ਹੋਇਆ ਅਤੇ ਆਪਣੇ ਆਪ ਨੂੰ ਕਹਿਣ ਲੱਗਾ, "ਸੁਲਹੀ ਖਾਨ ਮਰ ਗਿਆ ਜਦ ਉਸ ਨੇ ਗੁਰੂ ਜੀ ਦਾ ਵਿਰੋਧ ਕੀਤਾ, ਮੇਰਾ ਪਿਤਾ ਮਰ ਗਿਆ ਕਿਉਂਕਿ ਉਹ ਗੁਰੂ ਜੀ ਦਾ ਵਿਰੋਧੀ ਸੀ।। ਹੁਣ ਚੰਦੂ ਮਾਰਿਆ ਗਿਆ ਹੈ। ਗੁਰੂ ਜੀ ਕੋਲ ਕੀਹ ਜਾਦੂ ਹੇ ਕਿ ਕੋਈ ਵੀ ਉਨ੍ਹਾਂ ਦਾ ਟਾਕਰਾ ਨ ਕਰ ਸਕੇ।" ਮੇਹਰਬਾਨ ਨੇ ਚੰਦੂ ਦੇ ਪੁੱਤਰ ਨਾਲ ਪੱਗ

ਵਟਾਈ ਜਿਸ ਨਾਲ ਸਾਰੀ ਉਮਰ ਦੀ ਮਿਤਰਤਾ ਕਰ ਲਈ ਅਤੇ ਫਿਰ ਉਸ ਨਾਲ ਵਿਚਾਰ ਵਟਾਂਦਰਾ ਕੀਤਾ ਕਿ ਗੁਰੂ ਜੀ ਨੂੰ ਕਿਸ ਤਰ੍ਹਾਂ ਤਬਾਹ ਕੀਤਾ ਜਾਏ। ਉਹਨਾਂ ਨੇ ਸ਼ਾਹਜਹਾਨ ਦੇ ਮਨ ਵਿੱਚ ਗੁਰੂ ਜੀ ਵਿਰੁੱਧ ਜ਼ਹਿਰ ਭਰਨੀ ਸ਼ੁਰੂ ਕਰ ਦਿਤੀ। ਗੁਰੂ ਜੀ ਨੇ ਆਪਣੇ ਸਨਮਾਨਯੋਗ ਸਿੱਖ ਮੇਹਰਬਾਨ ਕੋਲ ਉਸ ਨੂੰ ਉਸ ਦੇ ਵਿਰੋਧੀ ਅਤੇ ਨੀਚ ਮਨਸੂਬਿਆਂ ਤੋਂ ਮੋੜਨ ਲਈ ਭੇਜੇ। ਗੁਰੂ ਜੀ ਆਪ ਵੀ ਮੇਹਰਬਾਨ ਕੋਲ ਗਏ, ਸੁਲਾਹ ਸਫਾਈ ਦੀ ਗੱਲ ਕੀਤੀ, ਪਰ ਸਭ ਵਿਅਰਥ ਰਿਹਾ।

ਸ਼ਾਹਜਹਾਨ ਨੇ ਵੱਖਰੀ ਧਾਰਮਕ ਨੀਤੀ ਅਪਨਾ ਲਈ ਸੀ। ਉਸ ਨੇ ਕੱਟੜਤਾ; ਦਾ ਪਖ ਪੂਰਿਆ ਅਤੇ ਉਸ ਦੇ ਰਾਜ ਸਮੇਂ ਧਾਰਮਕ ਹਠ-ਧਰਮੀ ਉਚਾਈਆਂ ਤਕ ਪੁਜ ਗਈ ਸੀ। ਉਸ ਨੇ ਨਵੇਂ ਨਵੇਂ ਮੁਸਲਮਾਨ ਬਣੇ ਲੋਕਾਂ ਦੀ ਭਲਾਈ ਵਿੱਚ ਡੂੰਘੀ ਦਿਲਚਸਪੀ ਲਈ। ਜੇ ਕੋਈ ਮੁਸਲਮਾਨ ਆਪਣਾ ਧਰਮ ਛੱਡ ਦਿੰਦਾ ਤਾਂ ਉਸ ਨਾਲ ਬੜੀ ਸਖਤੀ ਦਾ ਵਰਤਾਉ ਕੀਤਾ ਜਾਂਦਾ। ਪੰਜਾਬ ਵਿੱਚ ਕੁਝ ਮੰਦਰ ਉਸਾਰੇ ਜਾ ਰਹੇ ਸਨ ਉਹ ਢਾਹ ਦਿਤੇ ਗਏ ਅਤੇ ਉਹਨਾਂ ਦੀ ਥਾਂ ਮਸੀਤਾਂ ਉਸਾਰੀਆਂ ਗਈਆਂ। ਉਸ ਦਾ ਮਨ ਗੁਰੂ ਜੀ ਦੇ ਵੈਰੀਆਂ ਨੇ ਗੁਰੂ ਜੀ ਵਿਰਧ ਬਹੁਤ ਖੱਟਾ ਕਰ ਦਿਤਾ ਸੀ ਅਤੇ ਸੰਨ ੧੬੧੧ ਤੋਂ ਚਲੇ ਆ ਰਹੇ ਮਿਤਰਤਾ ਦੇ ਸੰਬੰਧ ਛੇਤੀ ਹੀ ਤੋੜ ਦਿਤੇ ਗਏ ਅਤੇ ਸਿੱਖਾਂ ਵੱਲ ਹੁਣ ਖੁੱਲ੍ਹਾ ਡੁੱਲ੍ਹਾ ਵੈਰ ਭਾਵ ਅਰੰਭ ਹੋ ਗਿਆ।

ਪੀਲੀਭੀਤ ਵੱਲਜਾਂਦਿਆਂ ਗੁਰੂ ਜੀ ਕਰਤਾਰਪੁਰ ਗਏ ਜਿਥੇ ਉਨ੍ਹਾਂ ਨੂੰ ਵੱਡਾ ਮੀਰ ਪਿੰਡ ਦੇ ਕੁਝ ਪਠਾਨ ਤਲਵਾਰਾਂ ਅਤੇ ਢਾਲਾਂ ਨਾਲ ਲੈਸ ਮਿਲੇ ਜਿਹਨਾਂ ਨੇ ਗੁਰੂ ਜੀ ਨੂੰ ਆਪਣੀ ਸੇਵਾ ਭੇਟਾ ਕੀਤੀ। ਉਹਨਾਂ ਨਾਲ ਇੱਕ ਲੰਮਾ ਤਾਕਤਵਰ ਜਵਾਨ, ਪੈਂਦੇ ਖਾਨ, ਸੀ ਜਿਸ ਦੇ ਮਾਤਾ-ਪਿਤਾ ਮਰ ਚੁੱਕੇ ਸਨ ਅਤੇ ਉਹ ਆਪਣੇ ਚਾਚੇ ਕੋਲ ਰਹਿ ਰਿਹਾ ਸੀ। ਗੁਰੂ ਜੀ ਨੇ ਇਸ ਨੂੰ ਆਪਣੇ ਨਿਜੀ ਕਰਮਚਾਰੀਆਂ ਵਿੱਚ ਨਿਯੁਕਤ ਕਰ ਦਿਤਾ ਅਤੇ ਬੜੇ ਲਾਡ ਪਿਆਰ ਨਾਲ ਹੋਰ ਹੋਰ ਬਲ ਵਧਾਉਣ ਲਈ ਉਤੇਜਤ ਕਰਦੇ ਰਹੇ। ਪੈਂਦੇ ਖਾਨ ਬਿਨਾਂ ਕਿਸੇ ਰੱਸੇ ਜਾਂ ਲਗਾਮ ਦੇ, ਇੱਕ ਪੂਰੀ ਤੇਜ਼ੀ ਨਾਲ ਦੌੜ ਰਹੇ ਘੋੜੇਨੂੰ ਕਾਬੂ ਕਰ ਲੈਂਦਾ ਸੀ। ਕਿਸੇ ਪਹਿਲਵਾਨ ਦੀ ਹਿੰਮਤ ਨਹੀਂ ਸੀ ਕਿ ਇਸ ਦੇ ਨਾਲ ਕੁਸ਼ਤੀ ਲੜੇ।

ਗੁਰੂ ਜੀ ਸਾਰੀਆਂ ਫੌਜੀ ਮਸ਼ਕਾਂ ਦਾ ਅਭਿਆਸ ਕਰਦੇ ਅਤੇ ਹਰਤਰ੍ਹਾਂ ਦੇ ਸ਼ਸਤਰ ਇਕੱਠੇ ਕਰ ਰਖਦੇ ਸਨ।ਗੁਰੂਜੀ ਸ਼ਿਕਾਰ ਕਰਨ ਜਾਂਦੇ ਅਤੇ ਪੈਂਦੇ ਖਾਨ ਅਤੇ ਹੋਰਨਾਂ ਦੀ ਤਾਕਤ ਦੀਆਂ ਨੁਮਾਇਸ਼ਾਂ ਵੇਖਦੇ ਸਨ। ਗੁਰੂ ਜੀ ਸਿੱਖਾਂ ਵਲੋਂ ਆਈਆਂ ਭੇਟਾਵਾਂ ਪੈਂਦੇ ਖਾਨ ਨੂੰ ਦਿੰਦੇ ਸਨ। ਇਸ ਨੇ ਦੂਜਿਆਂ ਦੇ ਦਿਲਾਂ ਵਿੱਚ ਬੜੀ ਜਲਨ ਅਤੇ ਚਿੰਤਾ ਪੈਦਾ ਕਰ ਦਿਤੀ। ਸਿੱਖਾਂ ਦਾ ਇੱਕ ਪ੍ਰਤੀਨਿਧ ਮੰਡਲ ਭਾਈ ਗੁਰਦਾਸ ਜੀ ਕੋਲ ਗਿਆ ਜਿਸ ਨੇ ਇਹਨਾਂ ਨੂੰ ਬਾਬਾ ਬੁੱਢਾ ਜੀ ਕੋਲ ਭੇਜ ਦਿਤਾ। ਬਾਬਾ ਬੁੱਢਾ ਜੀ ਗੁਰੂ ਜੀ ਕੋਲ ਗਏ ਅਤੇ ਬੇਨਤੀ ਕੀਤੀ, "ਆਪ ਜੀ ਗੰਗਾ ਸਮਾਨ ਹੋ, ਸੂਰਜ ਵਾਂਗ ਅਤੇ ਅਗਨੀ ਵਾਂਗ ਹੋ। ਗੰਗਾ ਅਨਗਿਣਤ ਮ੍ਰਿਤਕ ਸਰੀਰਾਂ ਨੂੰ ਹੱਡੀਆਂ ਸਣੇ ਆਪਣੇ ਵਿੱਚ ਸਮਾ ਲੈਂਦੀ ਹੈ, ਅਤੇ ਫਿਰ ਵੀ ਪਵਿੱਤਰ ਰਹਿੰਦੀ ਹੈ; ਸੂਰਜ ਆਪਣੇ ਵੱਲ ਹਾਨੀਕਾਰਕ ਧੂੰਆਂ ਖਿਚਦਾ ਹੈ ਫਿਰ ਵੀ ਸ਼ੁਧ ਰਹਿੰਦਾ ਹੈ; ਅਗਨੀ ਮ੍ਰਿਤਕ ਸਰੀਰਾਂ ਨੂੰ ਸਾੜਦੀ ਹੇ ਤਦ ਵੀ ਨਿਰੋਲ ਰਹਿੰਦੀ ਹੈ। ਆਪ ਜੀ ਇਹਨਾਂ ਤਿੰਨਾਂ ਸਮਾਨ ਹੋ। ਸਿੱਖ ਆਪ ਜੀ ਦੀ ਖੇਡਾਂ ਅਤੇ ਫੌਜੀ ਮਸ਼ਕਾਂ ਲਈ ਪਿਆਰ ਅਤੇ ਉਤਸ਼ਾਹ ਵੇਖ ਕੇ ਆਪ ਜੀ ਲਈ ਖਤਰੇ ਤੋਂ ਚਿੰਤਾਤੁਰ ਹਨ। ਸੋ,ਕਿਰਪਾ ਕਰਕੇ ਇਹ ਤਿਆਗ ਦੇਵੋ।" ਗੁਰੂ ਜੀ ਹੱਸੇ ਅਤੇ ਉਤਰ ਦਿਤਾ, "ਮੈਂ ਕੋਈ ਅਯੋਗ ਕੰਮ ਨਹੀਂ ਕੀਤਾ। ਮੈਂ ਕੇਵਲ ਆਪ ਜੀ ਦੀ ਭਵਿਖਬਾਣੀ ਨੂੰ ਪੂਰਾ ਕਰ ਰਿਹਾ ਅਤੇ ਸਿੱਖਾਂ ਦੇ ਹਾਲਾਤ ਨੂੰ ਉਚੇ ਚੁਕ ਰਿਹਾ ਹਾਂ।"

ਗੁਰੂ ਜੀ ਦੀ ਸਪੁੱਤਰੀ, ਬੀਬੀ ਵੀਰੋ, ਦੇ ਵਿਆਹ ਦੀਆਂ ਤਿਆਰੀਆਂ ਕੀਤੀਆਂ ਗਈਆਂ ਸਨ ਅਤੇ ਮਿਠਾਈਆਂ ਤਿਆਰ ਕਰਕੇ ਇੱਕ ਕਮਰੇ ਵਿੱਚ ਸੰਭਾਲ ਰਖੀਆਂ ਸਨ। ਸਿੱਖਾਂ ਦੀ ਇੱਕ ਟੋਲੀ ਪੱਛਮ ਵਲੋਂ ਗੁਰੂ ਜੀ ਦੇ ਦਰਸ਼ਨ ਕਰਨ ਅਤੇ ਭੇਟਾਵਾਂ ਅਰਪਤ ਕਰਨ ਲਈ ਆਈ। ਉਹ ਥੱਕੇ ਹੋਏ ਅਤੇ ਭੁੱਖੇ ਭਾਣੇ, ਦੇਰ ਪਈ ਰਾਤ ਨੂੰ ਪੁੱਜੇ ਜਦ ਲੰਗਰ ਬੰਦ ਹੋ ਚੁੱਕਾ ਸੀ। ਗੁਰੂ ਜੀ ਚਾਹੁੰਦੇ ਸਨ ਕਿ ਜੋ ਮਿਠਾਈਆਂ ਵਿਆਹ ਲਈ ਤਿਆਰ ਕਰਕੇ ਰੱਖੀਆਂ ਹੋਈਆਂ ਸਨ ਉਹ ਆਏ ਸਿੱਖਾਂ ਨੂੰ ਖਾਣ ਲਈ ਦਿਤੀਆਂ ਜਾਣ। ਕਮਰੇ ਦੀ ਚਾਬੀ ਗੁਰੂ ਜੀ ਦੇ ਮਹਿਲ ਮਾਤਾ ਦਮੋਦਰੀ ਜੀ ਕੋਲ ਸੀ ਅਤੇ ਉਨ੍ਹਾਂ ਨੇ ਮਿਠਾਈਆਂ ਦੇਣ ਤੋਂ ਨਾਂਹ ਕਰ ਦਿਤੀ ਜਦ ਤਕ ਜੰਞ ਨੂੰ ਆਉਣ ਤੇ ਖੁਆ ਨ ਲਈਆਂ ਜਾਣ। ਗੁਰੂ ਜੀ ਨੇ ਇੱਕ ਵਾਰ ਫੇਰ ਮੰਗੀਆਂ। ਪਰ ਮਾਤਾ ਜੀ ਆਪਣੇ ਵਿਚਾਰ ਤੇ ਪੱਕੇ ਰਹੇ। ਇਸ ਤੇ ਗੁਰੂ ਜੀ ਨੇ ਭਵਿਖਬਾਣੀ ਕੀਤੀ, "ਮੇਰੇ ਸਿੱਖ ਮੈਨੂੰ ਜਾਨ ਤੋਂ ਵਧੇਰੇ ਪਿਆਰੇ ਹਨ। ਜੇ ਉਹਨਾਂ ਨੂੰ ਪਹਿਲਾਂ ਮਿਠਾਈ ਖੁਆਈ ਜਾਂਦੀ ਤਾਂ ਵਿਆਹ ਵਿੱਚ ਸਾਰੇ ਵਿਘਨ ਦੂਰ ਹੋ ਜਾਂਦੇ, ਪਰ ਹੁਣ ਮੁਸਲਮਾਨ ਆਉਣਗੇ, ਮਿਠਾਈਆਂ ਲੈ ਜਾਣਗੇ ਅਤੇ ਵਿਆਹ ਵਿੱਚ ਰੁਕਾਵਟ ਪਵੇਗੀ।" ਇਹ ਭਵਿੱਖਬਾਣੀ ਸੱਚੀ ਹੋਈ ਸੀ। ਇਤਨੇ ਵਿੱਚ ਇੱਕ ਸਿੱਖ ਮਿਠਾਈ ਲੈ ਕੇ ਆਇਆ ਸੀ ਜੋ ਗੁਰੂ ਜੀ ਦੇ ਦਰਸ਼ਨਾਂ ਲਈ ਆਏ ਸਿੱਖਾਂ ਨੂੰ ਖੁਆਈ ਗਈ।

ਬਾਦਸ਼ਾਹ ਸ਼ਾਹਜਹਾਨ ਲਾਹੌਰ ਤੋਂ ਅੰਮ੍ਰਿਤਸਰ ਵਲ ਸ਼ਿਕਾਰ ਖੇਡਣ ਗਿਆ। ਗੁਰੂ ਜੀ ਵੀ ਉਸੇ ਪਾਸੇ ਗਏ ਸਨ। [੪] ਸਿੱਖਾਂ ਅਤੇ ਸ਼ਾਹੀ ਫੌਜੀਆਂ ਵਿਚਕਾਰ ਇੱਕ ਸ਼ਾਹੀ ਬਾਜ਼ ਮਾਰਨ ਟਾਕਰਾ ਹੋ ਗਿਆ। ਇੱਕ ਸ਼ਾਹੀ ਬਾਜ਼

ਇੱਕ ਸ਼ਿਕਾਰ ਪਿਛੇ ਉਡਦਾ ਕੁਰਾਹੇ ਪੈ ਗਿਆ ਐਤ ਸਿੱਖਾਂ ਦੇ ਹੱਥ ਆ ਗਿਆ। ਸ਼ਾਹੀ ਫੌਜੀ ਬਾਜ਼ ਲੈਣ ਆਏ ਤਾਂ ਉਹਨਾਂ ਦੀ ਹੈਂਕੜ ਅਤੇ ਬਦਜ਼ਬਾਨੀ ਕਾਰਨ ਸਿੱਖਾਂ ਨੇ ਬਾਜ਼ ਦੇਣੋਂ ਨਾਂਹ ਕਰ ਦਿਤੀ ਅਤੇ ਇਸ ਤੇ ਝਗੜਾ ਸ਼ੁਰੂ ਹੋ ਗਿਆ। ਸ਼ਾਹੀ ਫੌਜੀਆਂ ਵਿਚੋਂ ਕੁਝ ਮਾਰੇ ਗਏ ਅਤੇ ਬਾਕੀ ਨਸਾ ਦਿੱਤੇ। ਉਹ ਛੇਤੀ ਛੇਤੀ ਬਾਦਸ਼ਾਹ ਕੋਲ ਗਏ ਅਤੇ ਸਭ ਹਾਲ ਜਾ ਸੁਣਾਇਆ। ਗੁਰੂ ਜੀ ਦੇ ਵੈਰੀਆਂ ਨੂੰ ਮੌਕਾ ਮਿਲਿਆ ਮੁੜ ਗੁਰੂ ਜੀ ਵਿਰੁਧ ਦੋਸ਼ ਲਾਉਣ ਅਤੇ ਬਾਦਸ਼ਾਹ ਨੂੰ ਗੁਰੂ ਜੀ ਦੇ ਕਥਿਤ ਗਲਤ ਕੰਮਾਂ ਬਾਰੇ ਯਾਦ ਕਰਾਉਣ ਦਾ।

ਬਾਦਸ਼ਾਹ ਨੇ ਆਪਣੇ ਇਤਬਾਰੀ ਜਰਨੈਲ ਮੁਖਲਿਸ ਖਾਨ ਨੂੰ ਸੱਤ ਹਜ਼ਾਰ ਫੌਜੀਆਂ ਨਾਲ ਸਿੱਖਾਂ ਨੂੰ ਸਜ਼ਾ ਦੇਣ ਲਈ ਭੇਜਿਆ। ਲਾਹੌਰ ਦੇ ਸਿਖਾਂਨੇ ਗੁਰੂ ਜੀ ਵਿਰੁਧ ਫੌਜੀ ਧਾਵੇ ਬਾਰੇ ਸੁਣਦਿਆਂ ਹੀ ਗੁਰੂ ਜੀ ਵੱਲ ਇਹ ਦਸਣ ਲਈ ਆਦਮੀ ਭੇਜਿਆ। ਗੁਰੂ ਜੀ ਦੇ ਮਹੱਲ ਵਿੱਚ ਸਪੁੱਤਰੀ ਦੇ ਵਿਆਹ ਕਰਕੇ ਬਹੁਤ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ। ਗੁਰੂ ਜੀ ਦੇ ਪਰਵਾਰ ਨੂੰ ਝਟਪਟ ਰਾਮਸਰ ਨੇੜੇ ਇੱਕ ਮਕਾਨ ਵਿੱਚ ਭੇਜ ਦਿਤਾ ਗਿਆ। ਅਗਲੇ ਦਿਨ ਸਵਖਤੇ ਹੀ ਪਰਵਾਰ ਨੂੰ ਗੋਇੰਦਵਾਲ ਭੇਜ ਦੇਣ ਦਾ ਫੈਸਲਾ ਹੋਇਆ। ਸਬੱਬੀਂ ਹੀ ਅਗਲੇ ਦਿਨ ਬੀਬੀ ਵੀਰੋ ਦਾ ਵਿਆਹ ਨੀਯਤ ਕੀਤਾ ਹੋਇਆ ਸੀ। ਸੋ ਗੁਰੂ ਜੀ ਨੇ ਹੁਕਮ ਦਿਤਾ ਕਿ ਉਨ੍ਹਾਂ ਦਾ ਪਰਵਾਰ ਅਤੇ ਸ਼ਹਿਰ ਦੇ ਸਭ ਲੋਕ ਜਿਹਨਾਂ ਲੜਾਈ ਨਹੀਂ ਲੜਨੀ ਅੰਮ੍ਰਿਤਸਰ ਤੋਂ ਦੱਖਣ-ਪੱਛਮ ਵੱਲ ਸੱਤ ਕੁ ਮੀਲ ਦੂਰ ਨਗਰ ਝਬਾਲ ਵਿੱਚ ਰੁਕ ਜਾਣ ਅਤੇ ਵਿਆਹ ਦਾ ਕਾਰਜ ਉਥੇ ਕਰਕੇ ਫਿਰ ਗੋਇੰਦਵਾਲ ਜਾਣ। ਦੋ ਸਿੱਖ ਜੰਞ ਨੂੰ ਰੋਕਣ ਲਈ ਭੇਜੇ ਗਏ ਤਾਂਕਿ ਉਹ ਵੈਰੀਆਂ ਦੇ ਹੱਥਾਂ ਵਿੱਚ ਨ ਆ ਜਾਣ।

ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਇੱਕ ਛੋਟਾ ਕਿਲ੍ਹਾ, ਲੋਹਗੜ੍ਹ ਸੀ, ਇਹ ਇੱਕ ਤਰ੍ਹਾਂ ਦਾ ਉੱਚਾ ਥੜਾ ਸੀ (ਇੱਕ ਮੁਨਾਰੇ ਦਾ ਕੰਮ ਦੇਣ ਲਈ), ਜਿਥੇ ਗੁਰੂ ਜੀ ਦੁਪਹਿਰ ਪਿਛੋਂ ਆਪਣਾ ਦਰਬਾਰ ਲਗਾਉਂਦੇ। ਇਸ ਦੇ ਆਲੇ ਦੁਆਲੇ ਉਚੀਆਂ ਕੰਧਾਂ ਸਨ। ਉਥੇ ਪੰਜੀ ਸਿੱਖ ਹਮਲਾ ਹੋਵਣ ਦੇ ਖਿਆਲ ਵਜੋਂ ਨਿਯੁਕਤ ਕੀਤੇ ਗਏ। ਗੁਰੂ ਜੀ ਹਰਿਮੰਦਰ ਸਾਹਬਿ ਗਏ ਅਤੇ ਫਤਹਿ ਦੀ ਬਖਸ਼ਿਸ਼ ਲਹੀ ਅਰਦਾਸ ਕੀਤੀ। ਉਨ੍ਹਾਂ ਨੇ ਇਹ ਤੁਕਾਂ ਪੜ੍ਹੀਆਂ :

"ਦੂਤ ਦੁਸਮਨ ਸਭਿ ਤੁਝਤੇ ਨਿਵਰਹਿ ਪ੍ਰਗਟ ਪ੍ਰਤਾਪੁ ਤੁਮਾਰਾ।
ਜੋ ਜੋ ਤੇਰੇ ਭਗਤ ਦੁਖਾਏ ਓਹ ਤਤਕਾਲ ਤੁਮ ਮਾਰਾ।"

(ਧਨਾਸਰੀ ਮਹਲਾ ੫, ਪੰਨਾ ੬੮੧)

ਲੋਹਗੜ੍ਹ ਵਿੱਚ ਨਿਯੁਕਤ ਕੀਤੇ ਸਿੱਖ ਭਾਵੇਂ ਬੜੇ ਬਹਾਦਰ ਸਨ ਪਰ ਮੁਗਲ ਫੌਜ ਨੂੰ ਥੰਮ੍ਹਣ ਲਈ ਬਹੁਤ ਹੀ ਥੋੜੇ ਸਨ। ਸੈਂਕੜੇ ਵੈਰੀ ਫੌਜੀਆਂ ਨੂੰ ਮਾਰ ਕੇ ਇਹ ਗੁਰੂ ਜੀ ਦੇ ਉਦੇਸ਼ ਲਹੀ ਸ਼ਹੀਦ ਹੋ ਗਏ। ਵੈਰੀ ਫੌਜਾਂ ਗੁਰੂ ਜੀ ਦੇ ਮਹਲ ਵੱਲ ਵਧੀਆਂ ਪਰ ਉਥੇ ਕੋਈ ਨਹੀਂ ਸੀ। ਗੁੱਸੇ ਵਿੱਚ ਉਹਨਾਂ ਨੇ ਸਾਰੀ ਥਾਂ ਛਾਣ ਮਾਰੀ ਅਤੇ ਵਿਆਹ ਲਈ ਪਈਆਂ ਮਿਠਾਈਆਂ ਰੱਜ ਕੇ ਖਾਧੀਆਂ। ਦਿਨ ਚੜ੍ਹੇ ਲੜਾਈ ਸ਼ੁਰੂ ਹੋਈ। ਖੂਬ ਤਲਵਾਰਾਂ ਅਤੇ ਗੋਲੀਆਂ ਚਲੀਆਂ। ਬਹਾਦਰ ਜਵਾਨ ਸ਼ਹੀਦ ਹੋਏ, ਲਹੂ ਦੀਆਂ ਧਾਰਾਂ ਵਗੀਆਂ, ਲੋਥਾਂ ਦੇ ਇੱਕ ਦੂਜੀ ਉਤੇ ਢੇਰ ਲਗ ਪਏ, ਸਿਰ, ਧੜ, ਬਾਹਵਾਂ ਵੱਖ ਵੱਖ ਹੋ ਗਏ ਅਤੇ ਸਵਾਰਾਂ ਤੋਂ ਬਿਨਾਂ ਘੋੜੇ ਬੇਸਹਾਰਾ ਸ਼ਹਿਰ ਦੁਆਲੇ ਦੌੜਨ ਲਗੇ।

ਭਾਈ ਭਾਨੂੰ ਗੁਰੂ ਜੀ ਦੀ ਫੌਜ ਦਾ ਮੁਖ ਸੈਨਾਪਤੀ ਸੀ ਅਤੇ ਸ਼ਮਸ ਖਾਨ ਫੌਜਾਂ ਦਾ ਇੱਕ ਜਰਨੈਲ। ਸ਼ਮਸ ਖਾਨ ਦਾ ਘੋੜਾ ਮਾਰਿਆ ਗਿਆ ਤਾਂ ਭਾਈ ਭਾਨੂੰ ਵੀਆਪਣੇ ਘੋੜੇ ਤੋਂ ਉਤਰ ਆਇਆ ਅਤੇ ਦੋਹਾਂ ਦੀ ਹੱਥੋਂ ਹੱਥ ਲੜਾਈ ਹੋਣ ਲੱਗੀ। ਭਾਈ ਭਾਨੂੰ ਨੇ ਸ਼ਮਸ ਖਾਨ ਨੂੰ ਕਿਹਾ, "ਮੈਂ ਤੈਨੂੰ ਹੁਣ ਬਚ ਕੇ ਭੱਜ ਜਾਣ ਨਹੀਂ ਦੇਵਾਂਗਾ।" ਸ਼ਮਸ ਖਾਨ ਨੇ ਉਤਰ ਦਿਤਾ, "ਬਚਾਅ ਆਪਣੇ ਆਪ ਨੂੰ, ਮੈਂ ਵਾਰ ਕਰਨ ਲੱਗਾ ਹਾਂ।" ਭਾਈ ਭਾਨੂੰ ਨੇ ਤਲਵਾਰ ਦਾ ਵਾਰ ਆਪਣੀ ਢਾਲ ਉਤੇ ਲਿਆ ਅਤੇ ਆਪਣਾ ਸਾਰਾ ਤਾਣ ਲਾ ਕੇ ਇਕੋ ਵਾਰ ਨਾਲ ਸ਼ਮਸ ਖਾਨ ਦਾ ਸਿਰ ਵੱਢ ਦਿੱਤਾ। ਮੁਸਲਮਾਨ ਫੌਜਾਂ ਆਪਣੇ ਕਮਾਂਡਰ ਦਾ ਕਤਲ ਵੇਖ ਕੇ ਭਾਈ ਭਾਨੂੰ ਵੱਲ ਤੇਜ਼ੀ ਨਾਲ ਆਈਆਂ ਅਤੇ ਉਸ ਨੂੰ ਚਹੁੰ ਪਾਸਿਆਂ ਤੋਂ ਘੇਰ ਲਿਆ। ਉਸ ਨੇ ਫੌਜੀਆਂ ਨੂੰ ਗਾਜਰਾਂ ਵਾਂਗ ਵੱਢਿਆ। ਅਖੀਰ ਦੋ ਗੋਲੀਆਂ ਭਾਈ ਭਾਨੂੰ ਦੇ ਸਰੀਰ ਵਿੱਚ ਆ ਲਗੀਆਂ ਜੋ ਉਸ ਦੇ ਸਰੀਰ ਵਿਚੋਂ ਪਾਰ ਲੰਘ ਗਈਆਂ ਅਤੇ ਗੁਰੂ ਜੀ ਦੀ ਫੌਜ ਦਾ ਇਹ ਬਹਾਦਰ ਸੈਨਾਪਤੀ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜਿਆ।

ਭਾਈ ਬਿਧੀ ਚੰਦ, ਪੈਂਦੇ ਖਾਨ ਅਤੇ ਭਾਈ ਜਤੀ ਮੱਲ ਮੁਸਲਮਾਨ ਫੌਜਾਂ ਦੇ ਆਹੂ ਲਾ ਰਹੇ ਸਨ। ਉਹਨਾਂ ਨੇ ਆਪਣੇ ਨੇਜ਼ਿਆਂ ਨਾਲ ਦੁਸ਼ਮਣ ਦੇ ਘੋੜਿਆਂ ਨੂੰ ਬੇਸਵਾਰ ਕਰ ਦਿਤਾ। ਗੁਰੂ ਜੀ ਵੀ ਬੜੀ ਬਹਾਦਰੀ ਨਾਲ ਲੜੇ ਅਤੇ ਉਨ੍ਹਾਂ ਹਥੋਂ ਘਾਇਲ ਹੋਏ ਦੁਸ਼ਮਣ ਦੇ ਫੌਜੀ ਡਿਗਦਿਆਂ ਪਾਣੀ ਮੰਗਣ ਤੋਂ ਵੀ ਸਮਰੱਥ ਨਾ ਰਹੇ। ਪੈਂਦੇ ਖਾਨ ਲੜਦਿਆਂ ਬਰਾਬਰ ਸਫਲ ਹੋ ਰਿਹਾ ਸੀ। ਉਸ ਨੇ ਮੁਖਲਿਸ ਖਾਨ ਦੇ ਨਿਜੀ ਸਹਾਇਕਾਂ ਵਿਚੋਂ ਅਖੀਰਲੇ ਦੀਦਾਰ ਅਲੀ ਨੂੰ ਵੀ ਧੂੜ ਚਟਾ ਦਿਤੀ।

ਮੁਖਲਿਸ ਖਾਨ ਹੁਣ ਇਕੱਲਾ ਰਹਿ ਗਿਆ ਸੀ ਅਤੇ ਉਸ ਨੇ ਸੋਚਿਆ ਕਿ ਹੁਣ ਉਸ ਦੇ ਕੋਲ ਗੁਰੂ ਜੀ ਨਾਲ ਲੜਨ ਤੋਂ ਸਿਵਾ ਕੁਝ ਨਹੀਂਰਹਿ ਗਿਆ। ਸੋ ਉਸ ਨੇ ਗੁਰੂ ਜੀ ਨੂੰ ਵੰਗਾਰਿਆ, "ਆਉ ਤੁਸੀਂ ਤੇ ਮੈਂ ਦੋ

ਹੱਥ ਕਰਕੇ ਜੰਗ ਦਾ ਫੈਸਲਾ ਕਰੀਏ ਅਤੇ ਹੋਰ ਕੋਈ ਨੇੜੇ ਨਾ ਆਵੇ।" ਉਸ ਨੂੰ ਖੁਸ਼ ਕਰਨ ਲਈ ਗੁਰੂ ਜੀ ਨੇ ਆਪਣੇ ਯੋਧਿਆਂ ਨੂੰ ਇੱਕ ਪਾਸੇ ਖੜ੍ਹੇ ਰਹਿਣ ਲਈ ਕਿਹਾ। ਫਿਰ ਗੁਰੂ ਜੀ ਨੇ ਇੱਕ ਤੀਰ ਮਾਰਿਆ ਜਿਸ ਨਾਲ ਮੁਖਲਿਸ ਖਾਨ ਦਾ ਘੋੜਾ ਮਰ ਗਿਆ। ਗੁਰੂ ਜੀ ਵੀ ਆਪਣੇ ਘੋੜੇ ਤੋਂ ਉਤਰ ਆਏ ਅਤੇ ਕਿਹਾ, "ਮੁਖਲਿਸ ਖਾਨ, ਵਿਖਾ ਆਪਣਾ ਜੌਹਰ ਅਤੇ ਪਹਿਲਾਂ ਵਾਰ ਕਰ ਲੈ।" ਮੁਖਲਿਸ ਖਾਨ ਨੇ ਵਾਰ ਕੀਤਾ ਜੋ ਗੁਰੂ ਜੀ ਨੇ ਤੁਰਤ ਪਰ੍ਹਾਂ ਹੋ ਕੇ ਬਚਾ ਲਿਆ। ਅਗਲਾ ਵਾਰ ਗੁਰੂ ਜੀ ਦੀ ਢਾਲ ਉਤੇ ਲੱਗਾ। ਤਦ ਗੁਰੂ ਜੀ ਨੇ ਵੰਗਾਰਿਆ, "ਤੂੰ ਦੋ ਵਾਰ ਕਰ ਲਏ ਹਨ ਜੋ ਮੈਂ ਬਚਾ ਲਏ ਹਨ। ਹੁਣ ਮੇਰੀ ਵਾਰੀ ਹੈ।" ਇਹ ਕਹਿ ਕੇ ਗੁਰੂ ਜੀਨੇ ਆਪਣੀ ਸ਼ਕਤੀਸ਼ਾਲੀ ਬਾਂਹ ਚੁਕ ਕੇ ਭਰਵਾਂ ਵਾਰ ਕੀਤਾ ਜਿਸ ਨਾਲ ਮੁਖਲਿਸ ਖਾਨ ਦਾ ਸਿਰ ਦੋਫਾੜ ਹੋ ਗਿਆ।

ਪੈਂਦੇ ਖਾਨ, ਭਾਈ ਬਿਧੀ ਚੰਦ ਅਤੇ ਭਾਈ ਜਤੀ ਮੱਲ ਨੇ ਵੈਰੀ ਫੌਜੀਆਂ ਦੀ ਲੋਥਾਂ ਦੇ ਢੇਰ ਲਾ ਦਿਤੇ ਪਰ ਬਹੁਤ ਸਾਰੇ ਬਿਨਾਂ ਪਿਛੇ ਵੇਖੇ ਭੱਜ ਗਏ। ਉਸ ਤੋਂ ਗੁਰੂ ਜੀ ਦੀ ਪੂਰੀ ਫਤਹਿ ਹੋਈ ਅਤੇ ਖੁਸ਼ੀਆਂ ਭਰੇ ਜਿਤ ਦੇ ਨਗਾਰੇ ਵਜਾਏ ਗਏ। ਇਹ ਯੁੱਧ ਸੰਨ ੧੬੨੮ ਵਿੱਚ ਹੋਇਆ (ਕਈ ਇਹ ਸਮਾਂ ਸੰਨ ੧੬੩੪ ਦਸਦੇ ਹਨ)। ਇਹ ਯੁੱਧ ਅੰਮ੍ਰਿਤਸਰ ਦੇ ਦੱਖਣ ਵਲ ਚਾਰ ਕੁ ਮੀਲ ਤਕ ਫੈਲ ਗਿਆ ਸੀ ਅਤੇ ਇਸ ਗੁਰੂ ਜੀ ਦੀ ਫਤਹਿ ਦੀ ਯਾਦ ਵਿੱਚ ਸੰਗਰਾਣਾ ਨਾਮ ਦੀ ਇੱਕ ਧਰਮਸਾਲਾ ਉਸਾਰੀ ਗਈ। ਇਸ ਥਾਂ ਤੇ ਹਰ ਵਰ੍ਹੇ ਇੱਕ ਮੇਲਾ ਲਗਦਾ ਹੈ।

ਆਪਣੇ ਯੋਧੇ ਫੌਜੀਆਂ ਦੇ ਅੰਤਮ ਸਸਕਾਰ ਕਰਨ ਪਿਛੋਂ ਗੁਰੂ ਜੀ ਝਬਾਲ ਗਏ ਅਤੇ ਆਪਣੀ ਸਪੁੱਤਰੀ ਦਾ ਵਿਆਹ ਕੀਤਾ।

## ਸ੍ਰੀ ਹਰਿਗੋਬਿੰਦਪੁਰ ਦੀ ਨੀਂਹ ਅਤੇ ਦੂਜਾ ਯੁੱਧ :

ਮੁਖਲਿਸ ਖਾਨ ਦੀ ਮੌਤ ਅਤੇ ਆਪਣੀਆਂ ਫੌਜਾਂ ਦੀ ਹਾਰ ਦੀ ਖਬਰ ਸੁਣ ਕੇ ਸ਼ਾਹਜਹਾਨ ਨੇ ਆਪਣੇ ਮੁੱਖੀਆਂ ਦੀ ਇੱਕ ਕੌਂਸਲ (Council) ਬੁਲਾਈ ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਗੁਰੂ ਜੀ ਨੂੰ ਗ੍ਰਿਫਤਾਰ ਕੀਤਾ ਜਾਏ ਜਾਂ ਮਾਰ ਦਿਤਾ ਜਾਏ ਤਾਂ ਜੁ ਉਹ ਬਾਦਸ਼ਾਹੀ ਰਾਜ ਦੀਆਂ ਵਾਗਾਂ ਨਾ ਸੰਭਾਲ ਸਕਣ। ਗੁਰੂ ਜੀ ਦੇ ਸ਼ਰਧਾਲੂ ਵਜ਼ੀਰ ਖਾਨ ਨੇ ਗੁਰੂ ਜੀ ਦੇ ਪੱਖ ਵਿੱਚ ਸਫਾਈ ਪੇਸ਼ ਕੀਤੀ ਅਤੇ ਕਿਹਾ, "ਸਰਕਾਰ, ਗੁਰੂ ਸਾਹਿਬ ਕੋਈ ਬਾਗੀ ਨਹੀਂ ਅਤੇ ਨਾ ਹੀ ਉਸ ਦੀ ਆਪਦੀ ਸਲਤਨਤ ਕਾਬੂ ਕਰਨ ਦੀ ਕੋਈ ਮਰਜ਼ੀ ਹੈ। ਜੇ ਉਸ ਨੂੰ ਅਜੇਹੀ ਕੋਈ ਚਾਹਨਾ ਹੁੰਦੀ ਤਾ ਉਹ ਆਪਣੀ ਫਤਹਿ ਦੇ ਨਾਲ ਅਗੋਂ ਕੁਝ ਕਿਲ੍ਹੇ ਕਾਬੂ ਕਰ ਲੈਂਦਾ, ਕੋਈ ਇਲਾਕਾ ਆਪਣੇ ਕਬਜ਼ੇ ਵਿੱਚ ਲੈ ਲੈਂਦਾ, ਜਾਂ ਸ਼ਾਹੀ ਖ਼ਜ਼ਾਨਾ ਲੁੱਟ ਲੈਂਦਾ। ਕੀਹ ਇਹ ਕਮਾਲ ਨਹੀਂ ਕਿ ਗੁਰੂ ਸਾਹਿਬ ਨੇ ਸਿਰਫ ਸੱਤ ਸੌ ਜਵਾਨਾਂ ਨਾਲ ਸੱਤ ਹਜ਼ਾਰ ਸ਼ਾਹੀ ਫੌਜ ਨੂੰ ਤਬਾਹ ਕਰ ਦਿਤਾ।"

ਵਜ਼ੀਰ ਖਾਨ ਦੀਆਂ ਅਜੇਹੀਆਂ ਬਹੁਤ ਸਾਰੀਆਂ ਦਲੀਆਂ ਦੀ ਪੁਸ਼ਟੀ ਸ਼ਾਹੀ ਦਰਬਾਰ ਵਿੱਚ ਗੁਰੂ ਜੀ ਲਈ ਮੈਤਰੀ ਭਾਵ ਰਖਣ ਵਾਲਿਆਂ ਨੇ ਕੀਤੀ। ਬਾਦਸ਼ਾਹ ਨੂੰ ਨਿਸ਼ਚਾ ਹੋ ਗਿਆ ਅਤੇ ਉਸ ਨੇ ਹੋਈ ਬੀਤੀ ਨੂੰ ਭੁੱਲ ਜਾਣ ਲਈ ਸਹਿਮਤੀ ਦੇ ਦਿਤੀ। ਯੁੱਧ ਤੋਂ ਪਿਛੋਂ ਗੁਰੂ ਜੀ ਕਰਤਾਰਪੁਰ ਗਏ। ਪੈਂਦੇ ਖਾਨ ਬਾਰੇ ਉਨ੍ਹਾਂ ਨੂੰ ਛੇਤੀ ਹੀ ਚਿੰਤਾ ਹੋਣ ਲੱਗੀ ਕਿਉਂਕਿ ਉਸ ਨੇ ਸ਼ੇਖੀ ਮਾਰਨੀ ਸ਼ੁਰੂ ਕਰ ਦਿਤੀ ਸੀ, "ਮੈਂ ਹੀ ਸਾਂ ਜਿਸ ਨੇ ਅੰਮ੍ਰਿਤਸਰ ਵਿੱਚ ਗੁਰੂ ਸਾਹਿਬ ਦੇ ਵਿਰੁਧ ਅਨਗਿਣਤ ਫੌਜਾਂ ਨੂੰ ਤਬਾਹ ਕੀਤਾ। ਅਪਾਣੇ ਤੀਰਾਂ ਨਾਲ ਮੈਂ ਵਿੰਨ੍ਹਕੇ ਵੈਰੀਆਂ ਨੂੰ ਸ਼ਿਕਾਰ ਹੋਏ ਪੰਛੀਆਂ ਵਾਂਗ ਸੀਖਾਂ ਵਿੱਚ ਪਰੋ ਦਿਤਾ। ਮੈਂ ਉਥੇ ਨ ਹੁੰਦਾ ਤਾਂ ਕਿਸੇ ਦਾ ਵੀ ਹੌਂਸਲਾ ਸ਼ਾਹੀ ਫੌਜਾਂ ਦਾ ਮੁਕਾਬਲਾ ਕਰਨ ਲਈ ਨ ਹੁੰਦਾ। ਗੁਰੂ ਸਾਹਿਬ ਦੇ ਸਿੱਖਾਂ ਨੂੰ ਭਾਜੜ ਪੈ ਜਾਣੀ ਸੀ।" ਗੁਰੂ ਜੀ ਨੇ ਇਹ ਸਭ ਸੁਣਿਆ। ਪੈਂਦੇ ਖਾਨ, ਜੋ ਸਾਰਾ ਦਿਨ ਗੁਰੂ ਜੀ ਦੀ ਸੇਵਾ ਵਿੱਚ ਰਹਿੰਦਾ ਸੀ ਅਤੇ ਰਾਤ ਸੌਣ ਵਾਸਤੇ ਹੀ ਆਪਣੇ ਟਿਕਾਣੇ ਤੇ ਜਾਂਦਾ ਸੀ, ਨੂੰ ਗੁਰੂ ਜੀ ਨੇ ਹੁਕਮ ਦੇ ਦਿਤਾ ਕਿ ਉਹ ਆਪਣੇ ਟਿਕਾਣੇ ਤੇ ਹੀ ਰਿਹਾ ਕਰੇ ਅਤੇ ਗੁਰੂ ਜੀ ਕੋਲ ਕਦੇ ਕਦੇ ਹੀ ਆਇਆ ਕਰੇ। ਇਹ ਪੈਂਦੇ ਖਾਨ ਨੂੰ ਸ਼ੇਖੀਆਂ ਮਾਰਨ ਕਰਕੇ ਗੁਰੂ ਜੀ ਵਲੋਂ ਤਾੜਣਾ ਸੀ। ਇਹ ਬਰਸਾਤ ਦੀ ਰੁਤ ਸੀ ਅਤੇ ਗੁਰੂ ਜੀ ਦਰਿਆ ਬਿਆਸ ਪਾਰ ਕਰਨ ਪਿਛੋਂ ਦਰਿਆ ਦੇ ਕੰਢੇ ਦੇ ਸੱਜੇ ਪਾਸੇ ਵੱਲ ਚਲ ਪਏ ਜੋ ਉਚਾਈ ਤੇ ਸੀ। ਉਹਨਾਂ ਨੇ ਵੇਖਿਆ ਕਿ ਰਿਹਾਇਸ਼ ਵਾਲੇ ਘਰ ਕੇਵਲ ਇੱਕ ਤਰਫ ਹੀ ਹਨ ਅਤੇ ਬਾਕੀ ਜ਼ਮੀਨ ਖਾਲੀ ਖਾਲੀ ਹੈ। ਇਹ ਜ਼ਮੀਨ ਗੁਰੂ ਜੀ ਨੂੰ ਇੱਕ ਨਗਰ ਵਸਾਉਣ ਲਈ ਚੰਗੀ ਲੱਗੀ। ਲੋਕਾਂ ਨੇ ਗੁਰੂ ਜੀ ਦਾ ਖੁਲ੍ਹੇ ਜੀਅ ਨਾਲ ਸਵਾਗਤ ਕੀਤਾ ਪਰ ਜ਼ਿੰਮੀਂਦਾਰ ਅਤੇ ਇਲਾਕੇ ਦਾ ਚੌਧਰੀ, ਭਵਵਾਨ ਦਾਸ ਘੇਰੜ, ਗੁਰੂ ਜੀ ਦੇ ਹੱਕ ਵਿੱਚ ਨਹੀਂ ਸੀ। ਘੇਰੜ ਨੇ ਗੁਰੂ ਜੀ ਵਿਰੁਧ ਵੈਰ ਭਾਵ ਸ਼ੁਰੂ ਕਰ ਦਿਤਾ ਅਤੇ ਇੱਕ ਮੌਕੇ ਤੇ ਗੁਰੂ ਜੀ ਵਿਰੁਧ ਮੰਦਾ ਵੀ ਬੋਲਿਆ। ਇਸ ਤੋਂ ਗੁਰੂ ਜੀ ਦੇ ਸਿੱਖਾਂ ਅਤੇ ਘੇਰੜ ਦੇ ਆਦਮੀਆਂ ਦੀ ਲੜਾਈ ਹੋ ਗਈ ਜਿਸ ਵਿੱਚ ਘੇਰੜ ਮਾਰਿਆ ਗਿਆ।

ਲੋਕਾਂ ਦੀਆਂ ਸ਼ੁਭ ਇਛਾਵਾਂ ਮਿਲ ਜਾਣ ਤੇ ਗੁਰੂ ਜੀ ਨੇ ਨਗਰ ਲਈ ਤਿਆਰੀਆਂ ਕੀਤੀਆਂ। ਉਨ੍ਹਾਂ ਨੇ ਪਹਿਲਾ ਟੱਕ ਆਪ ਲਾਇਆ ਅਤੇ ਗਵਾਂਢ ਤੋਂ ਰਾਜ ਮਿਸਤਰੀ ਅਤੇ ਮਜ਼ਦੂਰ ਸੱਦ ਭੇਜੇ। ਪਿਛੋਂ ਨਗਰ ਦਾ ਨਾਮ ਸ੍ਰੀ ਹਰਿਗੋਬਿੰਦਪੁਰ ਰੱਖਿਆ ਗਿਆ, ਗੁਰੂ ਜੀ ਦੇ ਸਤਿਕਾਰ ਵਿੱਚ।

ਘੇਰੜ ਦੇ ਬੇਟੇ, ਰਤਨ ਚੰਦ, ਨੇ ਆਪਣੇ ਬਾਪ ਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ। ਉਹ ਚੰਦੂ ਦੇ ਪੁਤਰ, ਕਰਮ ਚੰਦ, ਕੋਲ ਗਿਆ ਅਤੇ ਉਸ ਨੂੰ ਸਾਂਝੇ ਅਤਿਆਚਾਰੀ (ਗੁਰੂ ਜੀ) ਵਿਰੁਧ ਸਾਥ ਦੇਣ ਲਈ ਜ਼ੋਰ ਦਿਤਾ। ਫਿਰ ਦੋਵੇਂ ਜਲੰਧਰ ਦੇ ਸੂਬੇਦਾਰ, ਅਬਦੁੱਲਾ ਖਾਨ ਕੋਲ ਗਏ। ਰਤਨ ਚੰਦ ਨੇ ਆਪਣੇ ਰੋਣੇ ਰੋਏ ਅਤੇ ਸਲਾਹ ਦਿਤੀ ਕਿ ਬਾਦਸ਼ਾਹ ਕਿਤਨਾਂ ਖੁਸ਼ ਹੋਵੇਗਾ ਜੇ ਸੂਬੇਦਾਰ ਗੁਰੂ ਜੀ ਨੂੰ ਫੜ ਕੇ ਬਾਦਸ਼ਾਹ ਦੇ ਸਪੁਰਦ ਕਰੇ, ਅਤੇ ਸੂਬੇਦਾਰ ਨੂੰ ਤਰੱਕੀ ਵੀ ਮਿਲੇਗੀ।

ਸੂਬੇਦਾਰ ਅਤੇ ਉਸ ਦੇ ਸਲਾਹਕਾਰ ਰਤਨ ਚੰਦ ਦੀਆਂ ਦਲੀਲਾਂ ਦਾ ਯਕੀਨ ਕਰਕੇ ਮੰਨ ਗਏ ਅਤੇ ਝਟਪਟ ਗੁਰੂ ਜੀ ਵਿਰੁਧ ਇੱਕ ਮੁਹਿੰਮ ਦੀ ਵਿਉਂਤ ਬਣਾ ਕੇ ਤਿਆਰੀ ਕੀਤੀ। ਜਦ ਗੁਰੂ ਜੀ ਨੇ ਇਸ ਚੜ੍ਹਾਈ ਬਾਰੇ ਸੁਣਿਆ ਤਾਂ ਬਚਨ ਕੀਤਾ, "ਅਕਾਲ ਪੁਰਖ ਨੂੰ ਜੋ ਭਾਉਂਦਾ ਹੇ ਉਹੀ ਚੰਗਾ ਹੈ।" ਸੂਬੇਦਾਰ ਦੀ ਦਸ ਹਜ਼ਾਰ ਦੀ ਫੌਜ ਸੀ। ਉਸ ਨੇ ਫੌਜ ਨੂੰ ਅੱਠ ਹਿੱਸਿਆਂ ਵਿੱਚ ਵੰਡਿਅ, ਪੰਜ ਆਪਣੇ ਜਰਨੈਲਾਂ ਹੇਠ, ਦੋ ਆਪਣੇ ਪੁੱਤਰਾਂ ਨਾਲ ਅਤੇ ਇੱਕ ਅਪਾਣੇ ਹੇਠ। ਗੁਰੂ ਜੀ ਨੇ ਆਪਣੀਆਂ ਫੌਜਾਂ ਦੀ ਕਮਾਨ ਭਾਈ ਜੱਤੂ, ਭਾਈ ਬਿੱਧੀ ਚੰਦ, ਭਾਈ ਸਤੀ ਮੱਲ, ਭਾਈ ਮਥੁਰਾ, ਭਾਈ ਜਗਨ ਨਾਥ, ਭਾਈ ਨਾਨੋ ਅਤੇ ਹੋਰਨਾਂ ਨੂੰ ਦਿੱਤੀ।

ਗੁਰੂ ਜੀ ਦੀ ਮਿਹਰ ਦੀ ਨਜ਼ਰ ਸਦਕਾ ਸਿੱਖ ਜੋ ਸਹਿਆਂ ਵਾਂਗ ਨਿਰਬਲ ਸਨ ਹੁਣ ਸ਼ੇਰਾਂ ਵਾਂਗ ਤਾਕਤਵਰ ਹੋ ਗਏ। ਉਹਨਾਂ ਦਾ ਜਨਮ ਅਤੇ ਪਿਛਲਾ ਕਾਰ-ਵਿਹਾਰ ਭਾਵੇਂ ਕਿਹੋ ਜਿਹਾ ਸੀ, ਉਹਨਾਂ ਨੇ ਯੁੱਧ ਦੇ ਮੈਦਾਨ ਵਿੱਚ ਆਪਣੇ ਆਪ ਸ਼ਾਨਦਾਰ ਸੂਰਬੀਰ ਹੋਣ ਦਾ ਸਬੂਤ ਦਿਤਾ। ਜਦ ਅਬਦੁੱਲਾ ਦੇ ਸਾਰੇ ਜਰਨੈਲ ਲੜਾਈ ਵਿੱਚ ਮਾਰੇ ਗਏ ਤਾਂ ਉਸ ਨੇ ਜਿਤਣ ਜਾਂ ਮਾਰੇ ਜਾਣ ਦਾ ਇਰਾਦਾ ਕੀਤਾ। ਕਰਮ ਚੰਦ, ਰਤਨ ਚੰਦ ਅਤੇ ਅਬਦੁੱਲਾ ਤਿੰਨੇ ਗੁਰੂ ਜੀ ਉਤੇ ਵਾਰ ਕਰਨ ਆਏ। ਗੁਰੂ ਜੀ ਨੇ ਕਰਮ ਚੰਦ ਅਤੇ ਰਤਨ ਚੰਦ ਨੂੰ ਪੁੱਛਿਆ, "ਤੁਸੀਂ ਕੀਹ ਸੋਚਦੇਪਏ ਹੋ ? ਹੁਣ ਲਵੋ ਆਪਣੇ ਬਾਪੂਆਂ ਦੀ ਮੌਤ ਦਾ ਬਦਲਾ। ਬੁਜ਼ਦਿਲਾਂ ਵਾਂਗ ਭੱਜ ਨਾ ਜਾਣਾ। ਬਹਾਦਰ ਬਣੋ ਅਤੇ ਆਉ ਮੇਰੇ ਸਾਮ੍ਹਣੇ, ਨਹੀਂ ਤਾਂ ਜਾਉ ਜਿਥੇ ਤੁਹਾਡੇ ਬਾਪ ਗਏ ਹਨ।" ਗੁਰੂ ਜੀ ਨੇ ਕਰਮ ਚੰਦ ਦੇ ਸਿਰ ਤੇ ਆਪਣੀ ਢਾਲ ਮਾਰੀ ਅਤੇ ਉਹ ਲੜਖੜਾ ਕੇ ਬੇਹੋਸ਼ ਹੋ ਢਹਿ ਪਿਆ। ਰਤਨ ਚੰਦ ਉਸ ਦੀ ਸਹਾਇਤ ਲਈ ਦੌੜਿਆ।ਗੁਰੂ ਜੀ ਨੇ ਪਸਤੌਲ ਕੱਢਿਆ ਅਤੇ ਉਸ ਉਤੇ ਗੋਲੀ ਦਾਗ ਦਿਤੀ। ਅਬਦੁੱਲਾ ਨੇ ਥੋੜੇ ਕੁ ਵਾਰ ਕੀਤਾ ਜੋ ਗੁਰੂ ਜੀ ਨੇ ਆਪਣੀ ਢਾਲ ਤੇ ਲੈ ਲਏ। ਫਿਰ ਸਾਰਾ ਜ਼ੋਰ ਲਾ ਕੇ ਗੁਰੂ ਜੀ ਨੇ ਆਪਣੀ ਤੇਗ ਨਾਲ ਸੂਬੇਦਾਰ ਉਤੇ ਵਾਰ ਕੀਤਾਅਤੇ ਉਸ ਦਾ ਸਿਰ ਧੜ ਨਾਲੋਂ ਵੱਖ ਕਰ ਦਿਤਾ।ਇਸ ਵੇਲੇ ਕਰਮ ਚੰਦ ਹੋਸ਼ ਵਿੱਚ ਆ ਗਿਆ ਅਤੇ ਤੇਜ਼ੀ ਨਾਲ ਗੁਰੂ ਜੀ ਵੱਲ ਵਧਿਆ। ਦੋਹਾਂ ਵਿੱਚ ਚੰਗੀ ਤਲਵਾਰ ਖੜਕੀ ਅਤੇ ਕਰਮ ਚੰਦ ਦੀ ਤਲਵਾਰ ਟੁੱਟ ਗਈ। ਗੁਰੂ ਜੀ ਮਹਾਂਪੁਰਸ਼ ਸਨ ਅਤੇ ਆਪਣੇ ਵੈਰੀ ਦੀ ਇਸ ਹਾਲਤ ਦਾ ਕੋਈ ਲਾਭ ਲੈਣਾ ਨਹੀਂ ਚਾਹੁੰਦੇ ਸੀ। ਗੁਰੂ ਜੀ ਨੇ ਆਪਣੀ ਤਲਵਾਰ ਮਿਆਨ ਵਿੱਚ ਪਾ ਲਈ ਅਤੇ ਕਰਮ ਚੰਦ ਨਾਲ ਕੁਸ਼ਤੀ ਵਾਂਗ ਜੁਟ ਪਏ। ਅਖੀਰ ਗੁਰੂ ਜੀ ਨੇ ਉਸ ਨੂੰ ਦੋਹਾਂ ਬਾਹਾਂ ਤੋਂ ਫੜ ਕੇ ਘੁਮਾਇਆ ਅਤੇ ਉਸਦਾ ਸਿਰ ਧਰਤੀ ਤੇ ਪਟਕਾ ਕੇ ਮਾਰਿਆ। ਸੂਬੇਦਾਰ ਅਤੇ ਉਸ ਦੇ ਸਭ ਜਰਨੈਲ ਮਾਰੇ ਗਏ ਸਨ ਅਤੇ ਉਸ ਦੀ ਫੌਜ ਭੱਜ ਗਈ ਸੀ। ਸੋ ਜੰਗ ਦਾ ਅੰਤ ਹੋਇਆ ਅਤੇ ਫਤਹਿ ਨੇ ਗੁਰੂ ਜੀ ਦੇ ਚਰਨ ਚੁੰਮੇ।

## ਤੀਜਾ ਯੁੱਧ :

ਦੋ ਮਸੰਦ, ਬਖਤ ਮਲ ਅਤੇ ਤਾਰਾ ਚੰਦ, ਕਾਬਲ ਗੁਰੂ ਜੀ ਦੇ ਲਈ ਭੇਟਾਵਾਂ ਇਕੱਠੀਆਂ ਕਰਨ ਲਈ ਭੇਜੇ ਹੋਏ ਸਨ। ਉਹ ਸਿੱਖਾਂ ਦੀ ਇੱਕ ਟੋਲੀ, ਜੋ ਗੁਰੂ ਜੀ ਲਈ ਭੇਟਾਵਾਂ ਅਤੇ ਦੋ ਅਤਿ ਸੁੰਦਰਤਾਅਤੇ ਚਾਲ ਢਾਲ ਵਾਲੇ ਘੋੜੇ ਲਿਆ ਰਹੇ ਸਨ, ਨਾਲ ਕਾਬਲ ਤੋਂ ਵਾਪਸ ਆ ਰਹੇ ਸਨ। ਇਹਨਾਂ ਘੋੜਿਆਂ ਦੇ ਨਾਮ ਸਨ ਦਿਲਬਾਗ ਅਤੇ ਗੁਲਬਾਗ। ਦੋਹਾਂ ਨੂੰ ਬਾਦਸ਼ਾਹ ਦੇ ਅਫਸਰਾਂ ਨੇ ਖੋਹ ਲਿਆ ਅਤੇ ਬਾਦਸ਼ਾਹ ਦੀ ਭੇਟ ਕਰ ਦਿੱਤੇ। ਸਿੱਖਾਂ ਨੂੰ ਘੋੜੇ ਖੋਹੇ ਜਾਣ ਦਾ ਬੜਾ ਦੁਖ ਲਗਾ ਕਿਉਂਕਿ ਉਹ ਇਹ ਘੋੜੇ ਗੁਰੂ ਜੀ ਵਾਸਤੇ ਲਿਆ ਰਹੇ ਸਨ।

ਭਾਈ ਬਿਧੀ ਚੰਦ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿੱਚ ਲਗ ਜਾਣ ਤੋਂ ਪਹਿਲਾਂ ਇੱਕ ਬੜਾ ਪ੍ਰਸਿੱਧ ਲੁਟੇਰਾ ਅਤੇ ਡਾਕੂ ਸੀ ਅਤੇ ਉਸਦੀਆਂ ਲੁੱਟਮਾਰਾਂ ਅਤੇ ਡਾਕਿਆਂ ਬਾਰੇ ਸਰਕਾਰੀ ਕਾਗਜ਼ਾਂ ਵਿੱਚ ਦਰਜ ਸੀ। ਫਿਰ ਇਹ ਕੰਮ ਛਡ ਕੇ ਗੁਰੂ ਜੀ ਦਾ ਸਿੱਖ ਬਣ ਗਿਆ। ਸਿੱਖਾਂ ਨੇ ਸੋਚਿਆ ਕਿ ਜਿਵੇਂ ਦਿਲਬਾਗ ਅਤੇ ਗੁਲਬਾਗ ਵਰਗੇ ਹੋਰ ਘੋੜੇ ਸੰਸਾਰ ਭਰ ਵਿੱਚ ਨਹੀਂ,ਇਸੇ ਤਰ੍ਹਾਂ ਬਿਧੀ ਚੰਦ ਵਰਗਾ ਹੋਰ ਕੋਈ ਨਹੀਂ ਜੋ ਘੋੜਿਆਂ

ਨੂੰ ਵਾਪਸ ਲੈ ਆਵੇ। ਅਖੀਰ ਬਿਧੀ ਚੰਦ ਨੇ ਇਹਕਾਰਜ ਕਰਨ ਦਾ ਫੈਸਲਾ ਕਰ ਲਿਆ। ਉਹ ਤਿਆਰ ਹੋਇਆ, ਅਰਦਾਸ ਕਰਕੇ ਘੋੜੇ ਵਾਪਸ ਲਿਆਉਣ ਲਈ ਲਾਹੌਰ ਚਲਾ ਗਿਆ। ਲਾਹੌਰ ਵਿੱਚ ਜੀਵਨ ਨਾਮ ਦਾ ਇੱਕ ਤਰਖਾਨ ਸਿੱਖ ਰਹਿੰਦਾ ਸੀ, ਇਹ ਉਸ ਕੋਲ ਰਹਿ ਪਿਆ।

ਬਿਧੀ ਚੰਦ ਨੇ ਇੱਕ ਘਸਿਆਰੇ ਦਾ ਕੰਮ ਸ਼ੁਰੂ ਕੀਤਾ। ਉਸ ਨੇ ਬੜਾ ਸੋਹਣਾ ਨਰਮ ਘਾਹ ਕੱਟਿਆ ਅਤੇ ਰੀਢ ਵਿੱਚ ਬੰਨ੍ਹ ਕੇ ਮੰਡੀ ਵਿੱਚ ਲੈ ਗਿਆ। ਘਾਹ ਬਹੁਤ ਚੰਗਾ ਸੀ ਅਤੇ ਬਿਧੀ ਚੰਦ ਇਸ ਦੇ ਲਈ ਮੁੱਲ ਵੀ ਬਹੁਤ ਮੰਗ ਰਿਹਾ ਸੀ। ਅਖੀਰ ਉਹ ਸੌਧਾ ਖਾਨ ਕੋਲ ਪੁੱਜਾ ਜੋ ਸ਼ਾਹੀ ਅਸਤਬਲ ਦਾ ਰਾਖਾ ਸੀ। ਉਸ ਨੇ ਘਾਹ ਵੇਖਦਿਆਂ ਹੀ ਕਿਹਾ ਕਿ ਉਸ ਨੇ ਅਜੇਹਾ ਚੰਗਾ ਘਾਹ ਕਦੀ ਨਹੀਂ ਵੇਖਿਆ ਸੀ। ਇਹ ਦਿਲਬਾਗ ਅਤੇ ਗੁਲਬਾਗ ਘੋੜਿਆਂ ਦੇ ਲਾਇਕ ਸੀ। ਸੋ ਉਸ ਨੇ ਆਪਣੇ ਆਦਮੀਆਂ ਨੂੰ ਹੁਕਮ ਦਿਤਾ ਕਿ ਭਾਅ ਠੀਕ ਕਰਕੇ ਮੁੱਲ ਲੈ ਲੈਣ। ਸੌਧਾ ਖਾਨ ਬਿਧੀ ਚੰਦ ਨੂੰ ਘਾਹ ਦੀ ਪੰਡ ਚੁਕਾ ਕੇ ਆਪਣੇ ਨਾਲ ਉਸ ਥਾਂ ਲੈ ਗਿਆ ਜਿਥੇ ਦੋਵੇਂ ਘੋੜੇ ਬੱਝੇ ਹੋਏ ਸਨ। ਘੋੜਿਆਂ ਨੇ ਘਾਹ ਪੇਟ ਭਰ ਕੇ ਐਉਂ ਖਾਇਆ ਜਿਵੇਂ ਕਿ ਉਹ ਸਾਰਾ ਦਿਨ ਦੇ ਭੁੱਖੇ ਹੋਣ। ਬਿਧੀ ਚੰਦ ਨੇ ਇਹ ਕੰਮ ਕਈ ਦਿਨ ਜਾਰੀ ਰਖਿਆ। ਅਖੀਰ ਉਹ ਬਾਦਸ਼ਾਹ ਦੇ ਇਨ੍ਹਾਂ ਪ੍ਰਸਿੱਧ ਘੋੜਿਆਂ ਲਈ ਘਾਹੀਆ, ਇੱਕ ਰੁਪਿਆ ਰੋਜ਼ ਤੌਂ, ਨਿਯੁਕਤ ਹੋ ਗਿਆ। ਉਸ ਨੇ ਐਨੀ ਮਿਹਨਤ ਨਾਲ ਕੰਮ ਕੀਤਾ ਅਤੇ ਐਨੀ ਸ਼ਰਾਫਤ ਅਤੇ ਬੋਲਣ ਵਿੱਚ ਮਿਠਾਸ ਵਿਖਾਈ ਕਿ ਸੌਧਾ ਖਾਨ ਨੇ ਇਸ ਨੂੰ ਘੋੜਿਆਂ ਉਤੇ ਕਾਠੀ ਪਾਉਣ ਅਤੇ ਲਾਹੁਣ ਦਾ ਕੰਮ ਸੌਂਪ ਦਿੱਤਾ। ਇੱਕ ਵਾਰ ਬਾਦਸ਼ਾਹ ਘੋੜਿਆਂ ਨੂੰ ਵੇਖਣ ਆਇਆ ਅਤੇ ਘੋੜਿਆਂ ਦੀ ਅਤਿ ਸੋਹਣੀ ਹਾਲਤ ਵੇਖ ਕੇ ਬੜਾ ਖੁਸ਼ ਹੋਇਆ ਅਤੇ ਇਸ ਦੇ ਲਈ ਬਿਧੀ ਚੰਦ ਦੀ ਸ਼ਲਾਘਾ ਕੀਤੀ।

ਇੱਕ ਦਿਨ ਸਾਥੀ ਨੌਕਰਾਂ ਵਿਚੋਂ ਇੱਕ ਨੇ ਬਿਧੀ ਚੰਦ ਨੂੰ ਕਿਹਾ ਕਿ ਉਹ ਸਾਰੇ ਸਾਥੀਆਂ ਨਾਲੋਂ ਵਧੇਰੇ ਤਨਖਾਹ ਲੈਂਦਾ ਹੈ ਪਰ ਉਸ ਨੇ ਕਦੀ ਇਸ ਦਾ ਜਸ਼ਨ ਨਹੀਂ ਮਨਾਇਆ। ਬਿਧੀ ਚੰਦ ਮੰਨ ਗਿਆ ਅਤੇ ਬਾਜ਼ਾਰ ਜਾ ਕੇ ਤਕੜੀ ਸ਼ਰਾਬ ਲੈ ਆਇਆ। ਰਾਤ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ। ਉਸ ਨੇ ਸਾਥੀਆਂ ਨੂੰ ਐਨੀ ਮਿਕਦਾਰ ਵਿੱਚ ਚੰਗੀ ਤਕੜੀ ਸ਼ਰਾਬ ਪਿਆ ਦਿਤੀ ਕਿ ਉਹ ਰਾਤ ਭਰ ਲਈ ਬੇਹੋਸ਼ ਹੋ ਗਏ। ਸੋ ਬਿਧੀ ਚੰਦ ਨੂੰ ਆਪਣੇ ਕਾਰਜ ਲਈ ਪੂਰੀ ਖੁੱਲ੍ਹ ਹੋ ਗਈ। ਉਸ ਨੇ ਦਿਲਬਾਗ ਉਤੇ ਸਵਾਰ ਹੋ ਕੇ ਚਾਬਕ ਲਾਈ ਅਤੇ ਘੋੜੇ ਦਾ ਮੂੰਹ ਕਿਲ੍ਹੇ ਦੀ ਕੰਧ ਵੱਲ ਕਰ ਲਿਆ ਜਿਥੋਂ ਉਹ ਘੋੜੇ ਨੂੰ ਟਪਾਉਣਾ ਚਾਹੁੰਦਾ ਸੀ। ਘੋੜੇ ਨੂੰ ਅਜੇ ਤਕ ਕਿਸੇ ਨਹੀਂ ਵਰਤਿਆ ਸੀ, ਸੋ ਚਾਬਕ ਲੱਗਣ ਤੇ ਇਸ ਅਨੋਖੇ ਹੁਕਮ ਨਾਲ ਉਤੇਜਿਤ ਹੋਇਆ ਅਤੇ ਸਾਰਾ ਤਾਣ ਲਗਾ ਕੇ ਬਿਨਾ ਕਿਸੇ ਝਿਜਕ ਦੇ ਕੁੱਦਿਆ ਅਤੇ ਉਚੀ ਕੰਧ ਟੱਪ ਕੇ ਆਪਣੇ ਸਵਾਰ ਸਣੇ ਨਾਲ ਵਗਦੇ ਦਰਿਆ ਵਿੱਚ ਕੁੱਦ ਗਿਆ (ਦਰਿਆ ਕਿਲ੍ਹੇ ਦੀ ਅਸਤਬਲ ਵਾਲੇ ਪਾਸੇ ਕੰਧ ਨਾਲ ਵਗ ਰਿਹਾ ਸੀ)। ਬਿਧੀ ਚੰਦ ਘੋੜਸਵਾਰੀ ਦਾ ਮਾਹਰ ਸੀ। ਉਸ ਨੇ ਘੋੜੇ ਨੂੰ ਪਾਣੀ ਵਿੱਚ ਦੀ ਸੰਭਾਲਦਿਆਂ ਅਗਲੇ ਕੰਢੇ ਸੁਖ ਨਾਲ ਪੁਚਾ ਲਿਆ। ਉਥੋਂ ਉਹ 'ਭਾਈ ਰੂਪਾ' ਨਾਮੀ ਪਿੰਡ ਪਹੁੰਚਾ ਜਿਥੇ ਗੁਰੂ ਜੀ ਠਹਿਰੇ ਹੋਏ ਸੀ।

ਸਿੱਖਾਂ ਨੇ ਵੇਖਿਆ ਕਿ ਦਿਲਬਾਗ ਦਾਣਾ ਪੂਰੀ ਤਰ੍ਹਾਂ ਨਹੀਂ ਖਾ ਰਿਹਾ ਅਤੇ ਆਪਣੇ ਸਾਥੀ ਗੁਲਬਾਗ ਦਾ ਵਿਛੋੜਾ ਮਹਿਸੂਸ ਕਰ ਰਿਹਾ ਸੀ। ਸੋ ਬਿਧੀਚੰਦ ਗੁਲਬਾਗ ਨੂੰ ਵੀ ਲਿਆਉਣ ਲਈ ਚਲ ਪਿਆ। ਜਦ ਉਹ ਲਾਹੌਰ ਪੁੱਜਾ ਉਸ ਨੇ ਸੁਣਿਆ ਕਿ ਦਿਲਬਾਗ ਨੂੰ ਲੱਭ ਲਿਆਵੁਣ ਵਾਲੇ ਨੂੰ ਇਨਾਮ ਮਿਲੇਗਾ। ਉਸ ਨੇ ਆਪਣੀ ਸ਼ਕਲ ਸੂਰਤ ਅਤੇ ਕੱਪੜੇ ਬਦਲ, ਨਵਾਂ ਭੇਸ ਧਾਰ ਕੇ ਕਿਲ੍ਹੇ ਦੇ ਦਰਵਾਜ਼ੇ ਤੇ ਜਾ ਪੁੱਜਾ। ਉਥੇ ਉਸ ਨੇ ਦੱਸਿਆ ਕਿ, "ਉਹ ਤਜਰਬੇਕਾਰ ਪੈੜ ਲੱਭਣ ਵਾਲਾ ਅਤੇ ਜੋਤਸ਼ੀ ਹੈ ਅਤੇ ਕਿਸੇ ਵੀ ਗਵਾਚੀ ਚੀਜ਼ ਦਾ ਪਤਾ ਲਾ ਸਕਦਾ ਹੈ।" ਬਿਧੀ ਚੰਦ, ਜਿਸ ਦਾ ਨਕਲੀ ਨਾਮ ਗਨਕ ਸੀ, ਜਦ ਬਾਦਸ਼ਾਹ ਕੋਲ ਪੇਸ਼ ਕੀਤਾ ਗਿਆ, ਉਸ ਨੂੰ ਯਕੀਨ ਕਰਾਉਣ ਵਿੱਚ ਸਫਲ ਹੋ ਗਿਆ ਕਿ ਇਹ ਸਗਨ-ਅਪਸਗਨ ਪਛਾਣਨ, ਪੈੜ ਲਭਣ ਅਤੇ ਸਿਤਾਰਿਆਂ ਅਤੇ ਗ੍ਰਹਿਆਂ ਨੂੰ ਪੜ੍ਹਨ ਵਿੱਚ ਮਾਹਰ ਹੈ। ਬਾਦਸ਼ਾਹ ਨੇ ਇਕਰਾਰ ਕੀਤਾ ਕਿ ਜੇ ਉਹ ਦਸ ਸਕੇ ਕਿ ਚੋਰੀ ਹੋ ਗਿਆ ਘੋੜਾ ਕਿਥੇ ਹੈ ਤਾਂ ਉਸ ਨੂੰ ਲੱਖਾਂ ਰੁਪਏ ਇਨਾਮ ਦੇਵੇਗਾ। ਬਿਧੀ ਚੰਦ ਨੇ ਬਾਦਸ਼ਾਹ ਨੂੰ ਉਤਰ ਦਿਤਾ, "ਮੈਨੂੰ ਪਤਾ ਹੇ ਕਿ ਉਹ ਘੋੜਾ ਕਿਥੇ ਹੈ ਪਰ ਮੈਂ ਉਹ ਥਾਂ ਵੇਖਣਾ ਚਾਹੁੰਦਾ ਹਾਂ ਜਿਥੋਂ ਉਹ ਘੋੜਾ ਚੁਰਾਇਆ ਗਿਆ ਸੀ, ਫਿਰ ਮੈਂ ਆਪ ਨੂੰ ਸਭ ਕੁਝ ਦੱਸ ਦੇਵਾਂਗਾ।"

ਇਸ ਤੇ ਬਾਦਸ਼ਾਹ, ਆਪਣੇ ਅਹਿਲਕਾਰ ਸਮੇਤ, ਬਿਧੀ ਚੰਦ ਨੂੰ ਅਸਤਬਲ ਲੈ ਗਿਆ। ਕੁਝ ਕੁ ਨੇ ਬਾਦਸ਼ਾਹ ਨੂੰ ਇੱਕ ਅਜਨਬੀ ਉਤੇ ਭਰੋਸਾ ਕਰਨ ਤੌਂ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਨ ਮੰਨਿਆ।

ਬਿਧੀ ਚੰਦ ਦੀ ਸਲਾਹ ਅਨੁਸਾਰ ਅਸਤਬਲ ਵਿੱਚ ਸਾਰੇ ਘੋੜਿਆਂ 'ਤੇ ਕਾਠੀਆਂ ਕੱਸੀਆਂ ਗਈਆਂ, ਮੁਕੰਮਲ ਇਕਾਂਤ ਅਤੇ ਸ਼ਾਂਤੀ ਵਾਸਤੇ ਹੁਕਮ ਦਿਤਾ ਗਿਆ ਅਤੇ ਕਿਲ੍ਹੇ ਵਿੱਚ ਰਹਿਣ ਵਾਲਿਆਂ ਦੇ ਆਉਣ ਜਾਣ ਉਤੇ ਬੰਦਸ਼ ਲਾ ਦਿਤੀ। ਇਹ ਸਭ ਕੁਝ ਇਸ ਲਈ ਕਿ ਬਿਧੀ ਚੰਦ ਪੂਰੀ ਸ਼ਾਂਤੀ ਵਿੱਚ ਬੈਠ ਕੇ ਹਿਸਾਬ ਕਿਤਾਬ ਲਾ ਸਕੇ। ਮੈਕਾਲਫ ਦੇ ਲਿਖੇ ਅਨੁਸਾਰ, ਭਾਈ ਬਿਧੀ ਚੰਦ ਨੇ ਬਾਦਸ਼ਾਹ ਨੂੰ ਕਿਹਾ, "ਸਾਰੀ ਗੱਲ ਸੁਣੋ, ਚੋਰ ਨੂੰ ਭੁਲਾ ਦੇਣ ਵਾਲਾ ਨ ਸਮਝੋ। ਤੁਹਾਡੇ ਬਾਪ ਨੇ ਆਪਣੀ ਫੌਜੀ ਤਾਕਤ ਨਾਲ ਇਸ ਤੌਂ ਪਹਿਲਾਂ ਇੱਕ ਬੁਹੁਤ ਹੀ ਵਧੀਆ ਘੋੜਾ ਕਾਬੂ ਕਰ ਲਿਅ ਸੀ ਜੋ ਇਲਾਹੀ ਅਤੇ ਪੂਜਨੀਕ ਗੁਰੂ ਹਰਿਗੋਬਿੰਦ ਸਾਹਿਬ ਵਾਸਤੇ ਸੀ, ਜਿਸ

ਗੁਰੂ ਦੀ ਮਹਿਮਾ ਸੂਰਜ ਵਾਂਗ ਹੈ ਅਤੇ ਹੁਣ ਤੁਸੀਂ ਆਪਣੇ ਅਨਿਆਈ ਬਾਪ ਵਾਗ ਇਹ ਦੋ ਘੋੜੇ ਖੋਹ ਰੱਖੇ ਹਨ ਜੋ ਨੇਕ ਸਿੱਖਾਂ ਨੇ ਆਪਣੇ ਪ੍ਰਿਅ ਗੁਰੂ ਜੀ ਵਾਸਤੇ ਲਿਆਂਦੇ ਸਨ। ਮੈਂ ਬਦਲਾ ਚੁਕਾ ਦਿਤਾ ਹੈ ਅਤੇ ਆਪਣੀ ਸਿਆਣਪ ਨਾਲ ਪਹਿਲਾ ਘੋੜਾ ਲੈ ਲਿਆ ਹੈ। ਮੇਰਾ ਨਾਮ ਬਿਧੀ ਚੰਦ ਹੈ, ਮੈਂ ਗੁਰੂ ਜੀ ਦਾ ਚਾਕਰ ਹਾਂ। ਮੈਂ ਹੀ ਸੀ ਜੋ ਦਿਲਬਾਗ ਨੂੰ ਉਸ ਦੇ ਘਰ ਲੈ ਗਿਆ ਸੀ, ਜਿਸ ਘੋੜੇ ਨੂੰ ਤੂੰ ਹੁਣ ਲੱਭ ਰਿਹਾ ਹੈਂ। ਆਪਣੇ ਸਾਥੀ ਤੋਂ ਵਿਛੋੜੇ ਜਾਣ ਕਰਕੇ ਦਿਲਬਾਗ ਉਥੇ ਪਹੁੰਚਣ ਲਈ ਰੋਇਆ ਸੀ ਅਤੇ ਉਸ ਨੂੰ ਬੜੀ ਮੁਸ਼ਕਲ ਨਾਲ ਖਾਣ ਪੀਣ ਲਈ ਮਨਾਇਆ ਹੈ। ਇਸੇ ਕਰਕੇ ਮੈਂ ਇੱਕ ਪੈੜ ਖੋਜਣ ਵਾਲੇ ਦਾ ਭੇਸ ਧਾਰ ਕੇ ਆਤੇ ਬੇਜ਼ਬਾਨ ਪਸ਼ੂਆਂ ਵਿੱਚ ਪਿਆਰ ਹੋਣ ਕਾਰਨ ਮੈਂ ਦਿਲਬਾਗ ਦੇ ਸਾਥੀ ਨੂੰ ਉਸ ਨਾਲ ਮਿਲਾ ਦੇਣ ਲਈ ਲੈਣ ਆਇਆ ਹਾਂ। ਮੈਂ ਹੀ ਚੋਰ ਹਾਂ, ਸੱਚਾ ਪਾਤਸ਼ਾਹ ਮੇਰਾ ਮਾਲਕ ਹੈ। ਤੂੰ ਹੁਣ ਮੈਨੂੰ ਗੁਲਬਾਗ ਕਾਠੀ ਨਾਲ ਤਿਆਰ ਕਰਕੇ ਦਿਤਾ ਹੈ। ਮੈਂ ਤੇਰੇ ਦਰਬਾਰ ਦੀ ਸਿਆਣਪ ਨੂੰ ਪੂਰੀ ਤਰ੍ਹਾਂ ਮਿਣ ਲਿਆ ਹੈ। ਮੈਂ ਤੈਨੂੰ ਦੱਸ ਦਿੰਦਾ ਹਾਂ ਕਿ ਪਹਿਲਾ ਘੋੜਾ ਕਿਥੇ ਹੈ ਅਤੇ ਇਹ ਦੱਸਕੇ ਆਪਣੇ ਸਿਰੋਂ ਸਾਰਾ ਦੋਸ਼ ਲਾਹ ਲੈਂਦਾ ਹਾਂ। ਗੁਰੂ ਜੀ ਨੇ ਭਾਈ ਰੂਪਾ ਨਾਮ ਦੇ ਨਵੇਂ ਵਸਾਏ ਪਿੰਡ ਆਪਣੇ ਤੰਬੂ ਲਾਏ ਹੋਏ ਹਨ। ਸਮਝ ਲੈ ਕਿ ਦਿਲਬਾਗ ਉਥੇ ਖੜਾ ਹੈ। ਗੁਲਬਾਗ ਹੁਣ ਜਾ ਕੇ ਉਸ ਨਾਲ ਮਿਲ ਜਾਏਗਾ।"[5]

ਇਸ ਤੇ ਭਾਈ ਬਿਧੀ ਚੰਦ ਨੇ ਕਿੱਲੇ ਨਾਲ ਬੱਝੇ ਰੱਸੇ ਖੋਹਲੇ ਅਤੇ ਘੋੜੇ ਨੂੰ ਸਰਪਟ ਦੌੜਾ ਕੇ ਭਾਈ ਰੂਪਾ ਨਗਰ ਲੈ ਗਿਆ ਜਿਥੇ ਗੁਰੂ ਜੀ ਨੇ ਟਿਕਾਣਾ ਕੀਤਾ ਹੋਇਆ ਸੀ। ਦਿਲਬਾਗ ਦਾ ਨਾਮ ਬਦਲ ਕੇ ਜਨਭਾਈ (ਜੀਵਨ ਵਾਂਗ ਪਿਆਰਾ) ਰਖ ਦਿਤਾ ਅਤੇ ਗੁਲਬਾਗ ਦਾ ਸਹੇਲਾ (ਸਾਥੀ) ਸੱਦਣ ਲੱਗੇ। ਇਸ ਤੋਂ ਬਾਦਸ਼ਾਹ ਨੂੰ ਬੜਾ ਰੋਹ ਚੜ੍ਹਿਆ ਅਤੇ ਉਸ ਨੇ ਪੁੱਛਿਆ, "ਹੈ ਕੋਈ ਬਹਾਦਰ ਆਦਮੀ ਜੋ ਗੁਰੂ ਵਿਰੁਧ ਮੁਹਿੰਮ ਲੈ ਜਾਏ ?" ਲਾਲਾ ਬੇਗ, ਸ਼ਾਹੀ ਫੌਜ ਦਾ ਇੱਕ ਉਚ ਅਫਸਰ, ਉਠਿਆ ਅਤੇ ਉਸ ਨੇ ਕਿਹਾ ਕਿ ਉਹ ਗੁਰੂ ਵਿਰੁਧ ਮੁਹਿੰਮ ਦੀ ਅਗਵਾਈ ਕਰੇਗਾ ਅਤੇ ਚੋਰੀ ਕੀਤੇ ਗਏ ਦੋਵੇਂ ਘੋੜੇ ਥੋੜੇ ਹੀ ਦਿਨਾਂ ਵਿੱਚ ਬਾਦਸ਼ਾਹ ਅਗੇ ਪੇਸ਼ ਕਰੇਗਾ। ਲਾਲਾ ਬੇਗ ਦੇ ਭਰਾ ਕਮਰਬੇਗ, ਨਾਲ ਉਸ ਦੇ ਦੋ ਪੁੱਤਰਾਂ, ਕਾਸਮ ਬੇਗ ਅਤੇ ਸ਼ਮਸ ਬੇਗ, ਅਤੇ ਭਤੀਜੇ ਕਾਬੁਲੀ ਬੇਗ ਨੇ ਵੀ ਮੁਹਿੰਮ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਲਾਲਾ ਬੇਗ ਅਤੇ ਉਸ ਦੇ ਸਾਥੀਆਂ ਨੂੰ ਪੈਂਤੀ ਹਜ਼ਾਰ ਘੋੜ ਸਵਾਰ ਅਤੇ ਪੈਦਲ ਸ਼ਾਹੀ ਫੌਜ ਦੀ ਕਮਾਨ ਦਿਤੀ ਗਈ। ਸ਼ਾਹੀ ਫੌਜ ਨੇ ਭਾਈ ਰੂਪਾ ਨਗਰ ਵਲ ਚੜ੍ਹਾਈ ਕੀਤੀ ਅਤੇ ਗੁਰੂ ਜੀ ਉਥੇ ਨ ਹੋਣ ਕਰਕੇ ਉਨ੍ਹਾਂ ਦੇ ਨਵੇਂ ਮੁਖ ਅਸਥਾਨ, ਲਹਿਰਾ, ਜੋ ਭਾਈ ਰੂਪਾ ਨਗਰ ਤੋਂ ਥੋੜੇ ਮੀਲ ਦੂਰ ਸੀ, ਵੱਲ ਚਲ ਪਈ। ਗੁਰੂ ਜੀ ਨੇ ਇਹ ਸਥਾਨ ਇਸ ਕਾਰਨ ਚੁਣਿਆ ਕਿਉਂਕਿ ਇਹ ਕਿਸੇ ਨਗਰ ਨਾਲ ਜੁੜਿਆ ਹੋਇਆਨਹੀਂ ਸੀ ਜਿਥੋਂ ਵੈਰੀ ਫੌਜਾਂ ਨੂੰ ਰਾਸ਼ਨ ਅਤੇ ਯੁੱਧ ਦੀਆਂ ਹੋਰ ਲੋੜਾਂ ਮਿਲ ਸਕਦੀਆਂ ਹੋਣ ਅਤੇ ਇਥੇ ਪੀਣ ਵਾਲੇ ਪਾਣੀ ਦਾ ਇਕੋ ਇੱਕ ਖੂਹ ਸੀ ਜੋ ਗੁਰੂ ਜੀ ਦੀਆਂ ਫੌਜਾਂ ਦੀ ਰਾਖੀ ਵਿੱਚ ਸੀ।

ਗੁਰੂ ਜੀ ਦੀਆਂ ਫੋਜਾਂ ਦੀ ਕਮਾਨ ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਜਤੀ ਮੱਲ, ਅਤੇ ਭਾਈ ਰਾਇ ਜੋਧ ਹੱਥ ਸੀ ਅਤੇ ਚਾਰ ਕੁ ਹਜ਼ਾਰ ਫੌਜੀ ਸਨ।

ਰਾਇ ਜੋਧ ਇੱਕ ਹਜ਼ਾਰ ਸਿਪਾਹੀਆਂ ਨਾਲ ਕਮਰ ਬੇਗ ਨਾਲ ਮੁਕਾਬਲਾ ਕਰਨ ਗਿਆ। ਗੋਲੀਆਂ ਦੀ ਵਰਖਾ ਨੇ ਸ਼ਾਹੀ ਫੌਜ ਦੀ ਗਿਣਤੀ ਪਤਲੀ ਕਰ ਦਿਤੀ। ਉਹਨਾਂ ਨੇ ਆਪਣੀਆਂ ਤਲਵਾਰਾਂ ਅਤੇ ਤੋਪਾਂ ਤੋਂ ਕੰਮ ਲਿਆ। ਗੁਰੂ ਜੀ ਦੀਆਂ ਫੌਜਾਂ ਨੇ ਵੈਰੀਆਂ ਦੀ ਤਬਾਹੀ ਮਚਾ ਦਿਤੀ। ਰਾਇ ਜੋਧ ਨੇ ਇੱਕ ਮੌਕਾ ਵੇਖ ਕੇ ਕਮਰਬੇਗ ਨੂੰ ਵਿੰਨ੍ਹ ਦਿਤਾ ਜੋ ਡਿਗ ਕੇ ਛੇਤੀ ਹੀ ਮਰ ਗਿਆ। ਆਪਣੀਆਂ ਫੌਜਾਂ ਦੇ ਮੁਖੀ ਕਤਲ ਹੁੰਦੇ ਅਤੇ ਫੌਜਾਂ ਦੇ ਹੌਸਲੇ ਘਟਦੇ ਵੇਖ ਕੇ, ਲਾਲਾ ਬੇਗ ਆਪ ਛੇਤੀ ਨਾਲ ਭਾਈ ਜਤੀ ਮੱਲ ਵੱਲ ਵਧਿਆ ਅਤੇ ਇੱਕ ਤੀਰ ਚਲਾਇਆ ਜੋ ਜਤੀ ਮੱਲ ਦੀ ਛਾਤੀ ਵਿੱਚ ਲੱਗਾ ਅਤੇ ਉਹ ਬੇਹੋਸ਼ ਹੋ ਕੇ ਜ਼ਮੀਨ ਤੇ ਡਿੱਗ ਪਿਆ। ਗੁਰੂ ਜੀ ਜਤੀ ਮੱਲ ਨੂੰ ਡਿਗਦਿਆਂ ਵੇਖ ਕੇ ਆਪ ਯੁੱਧ ਖੇਤਰ ਵਿੱਚ ਆਏ ਅਤੇ ਲਾਲਾ ਬੇਗ ਨੂੰ ਆਪਣੀ ਤਾਕਤ ਅਜ਼ਮਾਉਣ ਲਈ ਵੰਗਾਰਿਆ। ਗੁਰੂ ਜੀ ਨੇ ਲਾਲਾ ਬੇਗ ਦੇ ਘੋੜੇ ਤੇ ਗੋਲੀ ਚਲਾਈ ਅਤੇ ਉਸ ਆਪਣੇ ਸਵਾਰ ਸਣੇ ਢਹਿ ਪਿਆ। ਗੁਰੂ ਜੀ ਵੀ ਅਪਾਣੇ ਘੋੜੇ ਤੋਂ ਉਤਰੇ ਤਾਂ ਜੋ ਡਿਗੇ ਹੋਏ ਵੈਰੀ ਵਿਰੁਧ ਨਾਜਾਇਜ਼ ਲਾਭ ਨ ਲੈਣ। ਲਾਲਾ ਬੇਗ ਨੇ ਉਠ ਕੇ ਤਲਵਾਰ ਦੇ ਕਈ ਵਾਰ ਗੁਰੂ ਜੀ ਉਤੇ ਕੀਤੇ ਜਿਨ੍ਹਾਂ ਤੋਂ ਗੁਰੂ ਜੀ ਨੇ ਬਚਾਉ ਕਰ ਲਿਆ। ਫਿਰ ਸਾਰੇ ਜ਼ੋਰ ਨਾਲ ਗੁਰੂ ਜੀ ਨੇ ਇੱਕ ਭਰਵਾਂ ਵਾਰ ਲਾਲਾ ਬੇਗ ਉਤੇ ਕੀਤਾ ਅਤੇ ਉਸ ਦਾ ਸਿਰ ਧੜ ਨਾਲੋਂ ਵੱਢਿਆ ਗਿਆ। ਕਾਬੁਲੀ ਬੇਗ ਨੇ ਉਛਲ ਕੇ ਗੁਰੂ ਜੀ ਉਤੇ ਹਮਲਾ ਕੀਤਾ। ਉਸ ਨੇ ਵਾਰ ਵਾਰ ਗੁਰੂ ਜੀ ਉਤੇ ਵਾਰ ਕੀਤੇ। ਗੁਰੂ ਜੀ ਨੇ ਸਭ ਤੋਂ ਬਚਾਅ ਕਰ ਲਿਆ ਤਦ ਗੁਰੂ ਜੀ ਨੇ ਉਸ ਨੂੰ ਲਲਕਾਰਿਆ, "ਹੁਣ ਮੇਰੀ ਵਾਰੀ ਹੈ, ਕਰ ਆਪਣਾ ਬਚਾਉ।" ਗੁਰੂ ਜੀ ਨੇ ਉਸ ਉਤੇ ਅਜੇਹੇ ਜ਼ੋਰ ਨਾਲ ਵਾਰ ਕੀਤਾ ਕਿ ਉਸ ਦਾ ਸਿਰ ਕੱਟਿਆ ਗਿਆ। ਇਸ ਨਾਲ ਯੁੱਧ ਦਾ ਅੰਤ ਹੋ ਗਿਆ। ਸ਼ਾਹੀ ਫੌਜ ਦੇ ਬਚ ਰਹੇ ਸਿਪਾਹੀ ਆਪਣੀਆਂ ਜਾਨਾਂ ਬਚਾਉਣ ਲਈ ਭੱਜ ਗਏ। ਗੁਰੂ ਜੀ ਦੀ ਫੌਜ ਦੇ ਬਾਰਾਂ ਸੌ ਫੌਜੀ ਮਾਰੇ ਗਏ ਜਾਂ ਜ਼ਖ਼ਮੀ ਹੋਏ।

ਇਹ ਯੁੱਧ ਜੋ ਅੱਧੀ ਰਾਤ ਵੇਲੇ ਸ਼ੁਰੂ ਹੋਇਆ ਸੀ, ੧੯ ਮਘਰ ਸੰਮਤ ੧੬੮੮ ਅਰਥਾਤ ਸੰਨ ੧੬੩੧ (ਕਈ ਇਹ ਯੁੱਧ ੧੬੩੪ ਵਿੱਚ ਹੋਇਆ ਦਸਦੇ ਹਨ) ਨੂੰ ਅਠਾਰਾਂ ਘੰਟੇ ਚਲਦਾ ਰਿਹਾ। ਗੁਰੂ ਜੀ ਨੇ ਭਾਈ ਬਿਧੀ ਚੰਦ, ਭਾਈ ਜਤੀ ਮੱਲ ਅਤੇ ਭਾਈ ਜੋਧ ਰਾਇ ਦੀ ਬਹਾਦਰੀ ਦੀ ਬੜੀ ਸ਼ਲਾਘਾ ਕੀਤੀ। ਇਸ ਫਤਹਿ ਦੀ ਯਾਦ ਵਿੱਚ ਕਉਸ ਥਾਂ ਤੇ ਗੁਰੂਸਰ ਸਰੋਵਰ ਬਣਾਇਆ ਗਿਆ।

## ਚੌਥਾ ਅਤੇ ਆਖ਼ਰੀ ਯੁੱਧ :

ਗੁਰੂ ਜੀ ਕੁਝ ਆਰਾਮ ਕਰਨ ਲਈ ਕੰਗੜ ਚਲੇ ਗਏ ਅਤੇ ਛੇਤੀ ਵਾਪਸ ਕਰਤਾਰਪੁਰ ਆ ਗਏ। ਕੁਝ ਸਮੇਂ ਪਿਛੌਂ ਸਿੱਖਾਂ ਅਤੇ ਮੁਗਲਾਂ ਵਿਚਕਾਰ ਇੱਕ ਯੁੱਧ ਛਿੜ ਪਿਆ। ਇਸ ਦਾ ਕਾਰਨ ਪੈਂਦੇ ਖਾਨ ਸੀ। ਉਹ ਜਲੰਧਰ ਦੇ ਸੂਬੇਦਾਰ, ਕੁਤਬਖਾਨ, ਕੋਲ ਗਿਆ ਅਤੇ ਉਸ ਨਾਲ ਜਾ ਕੇ ਦੋਹਾਂ ਨੂੰ ਬਾਦਸ਼ਾਹ ਨੂੰ ਵਰਗਲਾਇਆ ਕਿ ਇੱਕ ਤਕੜੀ ਫੌਜ ਗੁਰੂ ਜੀ ਉਤੇ ਧਾਵਾ ਕਰਨ ਲਈ ਭੇਜੇ। ਮੁਖਲਿਸ ਖਾਨ ਦੇ ਭਰਾ ਕਾਲੇ ਖਾਨ ਨੂੰ ਪੰਜਾਹ ਹਜ਼ਾਰ ਫੌਜੀਆਂ ਦੀ ਕਮਾਨ ਦਿਤੀ ਗਈ। ਕੁਤਬ ਖਾਨ, ਪੈਂਦੇ ਖਾਨ, ਅਨਵਰ ਖਾਨ ਅਤੇ ਅਸਮਾਨ ਖਾਨ ਨੂੰ ਕਾਲੇ ਖਾਨ ਹੇਠ ਲੜਨ ਲਈ ਨੀਯਤ ਕੀਤਾ ਗਿਆ।

ਭਾਈ ਬਿਧੀ ਚੰਦ, ਭਾਈ ਜਤੀ ਮੱਲ, ਭਾਈ ਲੱਖੂ ਅਤੇ ਭਾਈ ਰਾਇ ਜੋਧ ਨੇ ਆਪਣੀਆਂ ਫੌਜਾਂ ਕਰਤਾਰਪੁਰ ਦੇ ਚਹੁੰ ਪਾਸਿਆਂ ਤੇ ਬੀੜ ਲਈਆਂ। ਸ਼ਾਹੀ ਫੌਜ ਦੇ ਮੁਖੀ ਇਹਨਾਂ ਵੱਲ ਵਧੇ। ਪਰ ਪਠਾਨ ਬਹਾਦਰ ਸਿੱਖਾਂ,ਜੋ ਆਪਣੇ ਧਰਮ ਅਤੇ ਗੁਰੂ ਜੀ ਦੀ ਖਾਤਰ ਲੜ ਰਹੇ ਸਨ, ਦੀ ਬਹਾਦਰੀ ਦੇ ਸਾਮ੍ਹਣੇ ਖੜੋ ਨਾ ਸਕੇ। ਬਿਧੀ ਚੰਦ ਕਾਲੇ ਖਾਨ ਨਾਲ ਜੁਝਿਆ ਅਤੇ ਗੁਰੂ ਜੀ ਦਾ ਸਭ ਤੋਂ ਵੱਡਾ ਸਪੁੱਤਰ ਬਾਬਾ ਗੁਰਦਿਤਾ, ਅਸਮਾਨ ਖਾਨ ਨਾਲ। ਇਥੋਂ ਤਕ ਕਿ ਤੇਗ ਬਹਾਦਰ (ਪਿਛੋਂ ਜਾ ਕੇ ਨੌਵੇਂ ਗੁਰੂ ਜੀ ਬਣੇ) ਜੋ ਕੇਵਲ ੧੪ ਵਰ੍ਹੇ ਦੀ ਉਮਰ ਦੇ ਸਨ, ਨੇ ਵੀ ਯੁੱਧ ਕੇਂਦਰ ਵਿੱਚ ਬਹਾਦਰੀ ਦੇ ਜੌਹਰ ਵਿਖਾਏ। ਪੈਂਦੇ ਖਾਨ ਤਲਵਾਰ ਲੈ ਕੇ ਗੁਰੂ ਜੀ ਦਾ ਸਾਹਮਣਾ ਕਰਨ ਲੱਗਾ ਅਤੇ ਉਹਨਾਂ ਵਿਰੁਧ ਬੇਅਦਬੀ ਦੇ ਲਫ਼ਜ਼ ਬੋਲਿਆ। ਉਸ ਸਮੇਂ ਦੇ ਇੱਕ ਮੁਸਲਮਾਨ ਸਾਹਿਤਕਾਰ, ਮੁਹਸਨ ਫਾਨੀ, ਦੇ ਲਿਖੇ ਅਨੁਸਾਰ ਗੁਰੂ ਜੀ ਨੇ ਪੈਂਦੇ ਖਾਨ ਨੂੰ ਕਿਹਾ, "ਪੈਂਦੇ ਖਾਨ ! ਇਹੋ ਜੇਹੇ ਲਫ਼ਜ਼ ਕਿਉਂ ਵਰਤਦਾ ਹੈਂ ਜਦ ਤਲਵਾਰ ਤੇਰੇ ਹੱਥ ਵਿੱਚ ਹੈ। ਮੇਰੇ ਬੱਚੇ, ਜਿਸ ਤਰ੍ਹਾਂ ਦਾ ਬਹਾਦਰ ਤੂੰ ਹੈਂ, ਆ ਮੈਂ ਤੈਨੂੰ ਪਹਿਲਾਂ ਵਾਰ ਕਰਨ ਦੀ ਛੁੱਟੀ ਦਿੰਦਾ ਹਾਂ। ਮੈਨੂੰ ਤੇਰੇ ਵਿਰੁਧ ਕੋਈ ਗਿਲਾ ਨਹੀਂ। ਪਰ ਤੂੰ ਗੁੱਸੇ ਨਾਲ ਭਰਿਆ ਹੋਇਆ ਹੈਂ। ਤੂੰ ਪਹਿਲਾਂ ਵਾਰ ਕਰਕੇ ਗੁੱਸਾ ਕੱਢ ਲੈ।"

ਪੈਂਦੇ ਖਾਨ ਨੇ ਗੁਰੂ ਜੀ ਉਤੇ ਇੱਕ ਭਾਰੀ ਵਾਰ ਕੀਤਾ, ਪਰ ਉਨ੍ਹਾਂ ਨੇ ਰੋਕ ਲਿਆ। ਪੈਂਦੇ ਖਾਨ ਨੂੰ ਇੱਕ ਵਾਰੀ ਹੋਰ ਕੋਸ਼ਿਸ਼ ਕਰਨ ਨੂੰ ਕਿਹਾ ਪਰ ਉਹ ਸਫਲ ਨ ਹੋਇਆ। ਦੋ ਵਾਰ ਖਾਲੀ ਚਲੇ ਜਾਣ ਤੇ ਉਸ ਨੂੰ ਰੋਹ ਚੜ੍ਹ ਗਿਆ, ਅਤੇ ਉਸ ਨੇ ਗੁੱਸਾ ਖਾ ਕੇ ਤੀਜਾ ਵਾਰ ਕੀਤਾ ਪਰ ਗੁਰੂ ਜੀ ਨੇ ਉਹ ਵੀ ਬਚਾ ਲਿਆ। ਉਨ੍ਹਾਂ ਨੇ ਤਦ ਉਸ ਨੂੰ ਜ਼ੋਰ ਦੇ ਕੇ ਕਿਹਾ, "ਲੈ ਭਈ, ਮੈਂ ਤੈਨੂੰ ਸਿਖਾਉਂਦਾ ਹਾਂ ਇਸ ਤਰ੍ਹਾਂ ਵਾਰ ਕਰਨਾ ਹੈ। ਤੇਰੇ ਢੰਗ ਨਾਲ ਨਹੀਂ ਸਗੋਂ ਇਸ ..." ਇਹ ਕਹਿੰਦਿਆਂ ਗੁਰੂ ਜੀ ਨੇ ਉਸ ਉਤੇ ਐਨਾ ਤਕੜਾ ਵਾਰ ਕੀਤਾ ਕਿ ਉਹ ਸਖ਼ਤ ਜ਼ਖ਼ਮੀ ਹੋ ਕੇ ਜ਼ਮੀਨ ਤੇ ਡਿਗ ਪਿਆ। ਇਸ ਵਾਰ ਨਾਲ ਪੈਂਦੇ ਖਾਨ ਨੂੰ ਗੁਰੂ ਜੀ ਵਾਸਤੇ ਪੁਰਾਣੀ ਸ਼ਰਧਾ ਮੁੜ ਆਈ। ਗੁਰੂ ਜੀ ਨੇ ਕਿਹਾ, "ਤੂੰ ਇੱਕ ਮੁਸਲਮਾਨ ਹੈਂ। ਹੁਣ ਵੇਲਾ ਹੈ ਆਖਰੀ ਦਮ ਕਲਮਾ ਪੜ੍ਹ ਲੈ।" ਪੈਂਦੇ ਖਾਨ ਨੇ ਉੱਤਰ ਦਿਤਾ, "ਗੁਰੂ ਜੀ ਆਪ ਜੀ ਦੀ ਤਲਵਾਰ ਹੀ ਮੇਰਾ ਕਲਮਾ ਅਤੇ ਮੇਰੀ ਨਜਾਤ ਦਾ ਰਸਤਾ ਹੈ।" ਗੁਰੂ ਜੀ ਉਸ ਨੂੰ ਪ੍ਰਾਣ ਤਿਆਗਦੇ ਹੋਏ ਨੂੰ ਵੇਖ ਕੇ ਤਰਸ ਨਾਲ ਭਰ ਗਏ ਅਤੇ ਉਸ ਦੇ ਉਤੇ ਪੈਂਦੀ ਧੁੱਪ ਤੋਂ ਬਚਾਉਣ ਲਈ ਅਪਾਣੀ ਢਾਲ ਤਾਣ ਕੇ ਉਨ੍ਹਾਂ ਨੇ ਕਿਹਾ, "ਪੈਂਦੇ ਖਾਨ, ਮੈਂ ਤੈਨੂੰ ਪਿਆਰ ਕੀਤਾ, ਪਾਲਿਆ ਪੋਸਿਆ, ਅਤੇ ਤੈਨੂੰ ਸੂਰਬੀਰ ਬਣਾਇਆ। ਭਾਵੇਂ ਲੋਕ ਤੈਨੂੰ ਮਾੜਾ ਕਹਿੰਦੇ ਸਨ, ਮੈਂ ਤੇਰੀਆਂ ਕਮਜ਼ੋਰੀਆਂ ਨੂੰ ਭੁਲਾ ਛਡਿਆ ਅਤੇ ਤੇਰੇ ਵਿਰੁਧ ਮੇਰੇ ਮਨ ਵਿੱਚ ਕਦੀ ਬੁਰੀ ਚਿਤਵਨਾ ਨਹੀਂ ਆਈ, ਪਰ ਬੁਰੀ ਕਿਸਮਤ ਨੇ ਤੈਨੂੰ ਐਨਾ ਕੁਰਾਹੇ ਪਾ ਦਿਤਾ ਕਿ ਤੂੰ ਮੇਰੇ ਵਿਰੁਧ ਇੱਕ ਫੌਜ ਲੈ ਅਇਆ। ਇਹ ਤੇਰੇ ਨਾਸ਼ੁਕਰਗੁਜ਼ਾਰੀ ਅਤੇ ਗੁਸਤਾਖ਼ੀ ਵਾਲੇ ਆਪਣੇ ਕੰਮ ਹਨ ਜਿਨ੍ਹਾਂ ਨੇ ਤੇਰੀ ਮੌਤ ਮੇਰੇ ਹੱਥੋਂ ਕਰਵਾਈ। ਭਾਵੇਂ ਤੂੰ ਨਾਸ਼ੁਕਰਗੁਜ਼ਾਰ ਅਤੇ ਨਿਮਕਹਰਾਮ ਰਿਹਾ ਹੈਂ, ਮੈਂ ਸਰਬ ਸ਼ਕਤੀਮਾਨ ਪ੍ਰਭੂ ਅੱਗੇ ਅਰਦਾਸ ਕਰਦਾ ਹਾਂ ਕਿ ਤੈਨੂੰ ਬਹਿਸ਼ਤ ਵਿੱਚ ਵਾਸਾ ਦੇਵੇ।"

ਜਦ ਉਸ ਦੇ ਸਾਰੇ ਮੁਖੀ ਅਫਸਰ ਮਾਰੇ ਗਏ ਤਾਂ ਕਾਲੇ ਖਾਨ ਗੁਰੂ ਜੀ ਦਾ ਮੁਕਾਬਲਾ ਕਰਨ ਆਇਆ। ਉਸ ਨੇ ਇੱਕ ਤੀਰ ਚਲਾਇਆ ਜੋ ਸ਼ਾਂ ਸ਼ਾਂ ਕਰਦਾ ਗੁਰੂ ਜੀ ਦੇ ਕੋਲੋਂ ਲੰਘ ਗਿਆ। ਇੱਕ ਦੂਜਾ ਤੀਰ ਗੁਰੂ ਜੀ ਦੇ ਮੱਥੇ ਨਾਲ ਛੂਹ ਕੇ ਲੰਘ ਗਿਆ ਅਤੇ ਲਹੂ ਦੇ ਤੁਪਕੇ ਗੁਰੂ ਜੀ ਦੇ ਚਿਹਰੇ ਤੇ ਪੈ ਗਏ। ਗੁਰੂ ਜੀ ਨੇ ਅਵਾਜ਼ ਦਿਤੀ, "ਕਾਲੇ ਖਾਨ, ਮੈਂ ਤੇਰਾ ਹੁਨਰ ਵੇਖ ਲਿਆ ਹੈ। ਹੁਣ ਤੂੰ ਮੇਰਾ ਵੇਖ।" ਗੁਰੂ ਜੀ ਨੇ ਇੱਕ ਤੀਰ ਚਲਾਇਆ ਜਿਸ ਨਾਲ ਕਾਲੇ ਖਾਨ ਦਾ ਘੋੜਾ ਮਰ ਗਿਆ। ਗੁਰੂ ਜੀ ਨੇ ਖਿਆਲ ਕੀਤਾ ਕਿ ਇਹ ਮੇਰੇ ਮਾਨ

ਦੀ ਗੱਲ ਹੈ ਕਿ ਮੈਂ ਵੀ ਆਪਣੇ ਘੋੜੇ ਤੋਂ ਉਤਰ ਜਾਵਾਂ ਅਤੇ ਵੈਰੀ ਨੂੰ ਸ਼ਸਤਰ ਚੁਣ ਲੈਣ ਦਾ ਮੌਕਾ ਦੇਵਾਂ। ਤਲਵਾਰ ਤੇ ਤਲਵਾਰ ਭਿੜਣ ਤੇ ਅੱਗ ਦੀਆਂ ਚੰਗਾੜੀਆਂ ਨਿਕਲਣ ਲਗੀਆਂ। ਗੁਰੂ ਜੀ ਨੇ ਉਸ ਦੇ ਸਾਰੇ ਵਾਰ ਬਚਾ ਲਏ ਅਤੇ ਬਚਨ ਕੀਤਾ, "ਐਉਂ ਨਹੀਂ, ਤਲਵਾਰ ਚਲਾਉਣ ਦਾ ਤਰੀਕਾ ਇਸ ਤਰ੍ਹਾਂ ਹੈ।" ਉਨ੍ਹਾਂ ਦੇ ਨਾਲ ਹੀ ਆਪਣੇ ਦੋਧਾਰੀ ਖੰਡੇ ਨਾਲ ਜ਼ੋਰ ਨਾਲ ਵਾਰ ਕੀਤਾ ਕਿ ਕਾਲੇ ਖਾਨ ਦਾ ਸਿਰ ਧੜ ਨਾਲੋਂ ਵੱਖ ਹੋ ਡਿਗ ਪਿਆ। ਇਸ ਤੇ ਸ਼ਾਹੀ ਫੌਜਾਂ ਅਪਾਣੀਆ ਜਾਨਾਂ ਬਚਾਉਣ ਲਈ ਪਈਆਂ। ਬਿਧੀ ਚੰਦ ਅਤੇ ਜਤੀ ਮੱਲ ਨੇ ਫਤਹਿ ਦੇ ਜੈਕਾਰੇ ਛੱਡੇ।

ਕਿਹਾ ਜਾਂਦਾ ਹੈ ਕਿ ਇਸ ਯੁੱਧ ਵਿੱਚ ਹਜ਼ਾਰਾਂ ਹੀ ਮੁਸਲਮਾਨ ਮਾਰੇ ਗਏ ਸਨ ਜਦ ਕਿ ਗੁਰੂ ਜੀ ਦੇ ਕੇਵਲ ਸੱਤ ਸੌ ਬਹਾਦਰ ਸਿੱਖਾਂ ਦੀਆਂ ਜਾਨਾਂ ਗਈਆਂ। ਇਹ ਯੁੱਧ ੨੪ ਹਾੜ ੧੬੯੧ (ਸੰਨ ੧੬੩੪ ਈ.) ਨੂੰ ਸਮਾਪਤ ਹੋਇਆ।

ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਤਰ੍ਹਾਂ ਚਾਰ ਯੁੱਧ ਲੜੇ ਅਤੇ ਜਿੱਤੇ। ਕਿਉਂਕਿ ਗੁਰੂ ਜੀ ਦਾ ਮੰਤਵ ਕੇਵਲ ਆਪਣੇ ਪਾਸੇ ਦਾ ਬਚਾਉ ਕਰਨਾ ਹੀ ਹੁੰਦਾ ਸੀ, ਉਹਨਾਂ ਦੇ ਇਲਾਕੇ ਦੀ ਇੱਕ ਇੰਚ ਥਾਂ ਵੀ ਕਾਬੂ ਨਹੀਂ ਕੀਤੀ। ਪਰ ਇਸ ਨਾਲ ਸਿੱਖਾਂ ਦੇ ਚਰਿਤਰ ਵਿੱਚ ਭਾਰੀ ਤਬਦੀਲੀ ਲੈ ਆਂਦੀ, ਜਿਹਨਾਂ ਨੇ ਹੁਣ ਭਜਨ-ਮਾਲਾ ਦੇ ਨਾਲ ਨਾਲ ਕਮਰਕੱਸੇ ਕਸ ਲਏ ਅਤੇ ਆਪਣੇ ਧਰਮ ਦੀ ਰੱਖਿਆ ਲਈ ਤਲਵਾਰਾਂ ਪਹਿਨ ਲਈਆਂ। ਦੇਸ ਵਿੱਚ ਮੁਗਲ ਰਾਜ ਦੀ ਜ਼ੋਰਾਵਰ ਅਤੇ ਅਨਿਆਈ ਸ਼ਕਤੀ, ਜੋ ਅਨ-ਮੁਸਲਿਮ ਰਿਆਇਆ ਨਾਲ ਧਾਰਮਕ ਪੱਖਪਾਤ ਦਾ ਵਰਤਾਉ ਕਰਨ ਲਗ ਪਈ ਸੀ, ਨੂੰ ਠਾਕਣ ਲਹੀ ਬਹਾਦਰੀ ਦੀ ਇੱਕ ਨਵੀਂ ਰੂਹ ਪੈਦਾ ਹੋ ਗਈ। ਗੁਰੂ ਜੀ ਸਿੱਖਾਂ ਲਈ ਕੇਵਲ ਇੱਕ ਰੱਬੀ ਸੰਦੇਸ਼ ਲਿਆਉਣ ਵਾਲੇ ਨਹੀਂ ਸਗੋਂ ਇੱਕ ਤਲਵਾਰ ਦੇ ਧਨੀ, ਯੋਧੇ ਅਤੇ ਯੁੱਧ ਦੇ ਪੂਰਨ ਮਾਹਰ ਵੀ ਬਣ ਗਏ ਸਨ।

## ਪ੍ਰਚਾਰ ਲਈ ਸਫਰ :

ਗੁਰੂ ਨਾਨਕ ਦੇਵ ਜੀ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਪਹਿਲੇ ਗੁਰੂ ਸਨ ਜੋ ਸਿੱਖ ਧਰਮ ਦੇ ਪ੍ਰਚਾਰ ਲਈ ਪੰਜਾਬ ਤੋਂ ਬਾਹਰ ਗਏ। ਉਨ੍ਹਾਂ ਨੇ ਥਾਂ ਥਾਂ ਸਫਰ ਕੀਤਾ ਅਤੇ ਉਤਰ ਵਿੱਚ ਕਸ਼ਮੀਰ ਅਤੇ ਪੂਰਬ ਵਿੱਚ ਨਾਨਕਮਤਾ, ਪੀਲੀਭੀਤ ਤਕ ਗਏ।

ਅਲਮਸਤ ਨਾਮ ਦੇ ਇੱਕ ਸਿੱਖ, ਜੋ ਪੀਲੀਭੀਤ ਦੇ ਨੇੜੇ ਨਾਨਕਮਤਾ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਦਾ ਸੀ, ਨੂੰ ਜੋਗੀਆਂ ਨੇ ਉਸ ਦੀ ਧਰਮਸਾਲ ਤੋਂ ਬਾਹਰ ਕੱਢ ਦਿਤਾ ਅਤੇ ਉਹ ਪਾਵਨ ਪਿੱਪਲ ਦਾ ਬਿਰਛ ਵੀ ਸਾੜ ਦਿਤਾ ਜਿਸ ਹੇਠ ਗੁਰੂ ਨਾਨਕ ਦੇਵ ਜੀ ਨੇ ਗੋਰਖ ਨਾਥ ਦੇ ਚੇਲਿਆਂ ਨਾਲ ਗੋਸ਼ਟੀ ਕੀਤੀ ਸੀ। ਅਲਮਸਤ ਰਾਤ ਦਿਨ ਗੁਰਬਾਣੀ ਦਾ ਪਾਠ ਕਰਦਾ ਰਹਿੰਦਾ। ਉਹ ਅਰਦਾਸ ਕਰਦਾ ਸੀ, "ਹੇ ਦਿਲਾਂ ਦੀਆਂ ਜਾਨਣਹਾਰ, ਸੱਚੇ ਪਾਤਸ਼ਾਹ,ਸਾਡੀ ਸਹਾਇਤਾ ਕਰੋ।" ਸਾਰੇ ਕਸ਼ਟ ਸਹਿੰਦਿਆਂ, ਅਲਮਸਤ ਉਡੀਕਦਾ ਸੀ ਕਿ ਗੁਰੂ ਜੀ ਆ ਗਏ ਅਤੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਬੜੀ ਧਰਮਸਾਲ ਦਾ ਕਬਜ਼ਾ ਲੈ ਕੇ ਇਸ ਦੀ ਮੁਰੰਮਤ ਕਰਵਾਈ।

ਗੁਰੂ ਜੀ ਦੇ ਮਹਿਲ, ਮਾਤਾ ਦਮੋਦਰੀ ਜੀ ਦੀ ਵੱਡੀ ਭੈਣ ਬੀਬੀ ਰਾਮੋ, ਭਾਈ ਸਾਂਈਂ ਦਾਸ ਨਾਲ ਵਿਆਹੀ ਹੋਈ ਸੀ ਜੋ ਅਜੋਕੇ ਫ਼ੀਰੋਜ਼ਪੁਰ ਜ਼ਿਲ੍ਹੇ ਦੇ ਡਰੋਲੀ ਪਿੰਡ ਵਿੱਚ ਰਹਿੰਦਾ ਸੀ। ਸਾਂਈਂ ਦਾਸ ਸਦਾ ਅਰਦਾਸਾਂ ਕਰਦਾ ਰਹਿੰਦਾ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਉਸਦੇ ਪਿੰਡ ਚਰਨ ਪਾਉਣ। ਉਸ ਨੇ ਇੱਕ ਭਵਨ ਬਣਵਾਇਆ ਹੋਇਆ ਸੀ, ਗੁਰੂ ਜੀ ਦੀ ਆਉ-ਭਗਤ ਅਤੇ ਰਿਹਾਇਸ਼ ਲਈ ਅਤੇ ਪ੍ਰਣ ਕੀਤਾ ਹੋਇਆ ਸੀ ਕਿ ਇਸ ਵਿੱਚ ਕਿਸੇ ਨੂੰ ਰਹਿਣ ਨਹੀਂ ਦੇਵੇਗਾ ਜਦ ਤਕ ਗੁਰੂ ਜੀ ਆ ਕੇ ਰਹਿਣ ਨਾਲ ਇਸ ਨੂੰ ਪਵਿੱਤਰ ਨ ਕਰ ਦੇਣ। ਉਸ ਨੇ ਇੱਕ ਸੁੰਦਰ ਪਲੰਘ ਤਿਆਰ ਕੀਤਾ ਅਤੇ ਇਸ ਦੇ ਸਿਰਹਾਣੇ ਵੱਲ ਇੱਕ ਛੱਤਰ ਲਗਾ ਦਿਤਾ। ਹਰ ਰੋਜ਼ ਉਹ ਇਸ ਕਮਰੇ ਵਿੱਚ ਫੁੱਲ ਚੜ੍ਹਾਉਂਦਾ ਅਤੇ ਅਰਦਾਸ ਕਰਦਾ ਕਿ ਗੁਰੂ ਜੀ ਆ ਕੇ ਇਸ ਥਾਂ ਨੂੰ ਭਾਗ ਲਾਉਣ। ਬੀਬੀ ਰਾਮੋ ਉਸ ਨੂੰ ਜ਼ੋਰ ਦਿੰਦੀ ਸੀ ਕਿ ਗੁਰੂ ਜੀ ਨੂੰ ਸੰਦੇਸ਼ਾ ਭੇਜਾ ਦਿਉ ਪਰ ਉਹ ਕਹਿੰਦਾ, "ਗੁਰੂ ਜੀ ਜਾਣੀ-ਜਾਣ ਹਨ ਅਤੇ ਆਪਣੀ ਰਜ਼ਾ ਨਾਲ ਹੀ ਆਉਣਗੇ।"

ਅਲਮਸਤ ਦੇ ਕਸ਼ਟ ਅਤੇ ਸਾਂਈਂ ਦਾਸ ਦੀ ਸ਼ਰਧਾ ਖਾਤਰ ਗੁਰੂ ਜੀ ਨੇ ਨਾਨਕਮਤਾ ਅਤੇ ਡਰੋਲੀ ਜਾਣ ਦਾ ਫੈਸਲਾ ਕੀਤਾ ਅਤੇ ਆਪਣੇ ਨਾਲ ਇੱਕ ਟੁਕੜੀ ਆਪਣੇ ਹਥਿਆਰਬੰਦ ਸੇਵਕਾਂ ਦੀ ਲੈ ਲਈ। ਉਹ ਕਰਤਾਰਪੁਰ ਗਏ ਅਤੇ ਉਥੇ ਕੁਝ ਦਿਨ ਰਹੇ। ਉਸ ਪਿਛੋਂ ਜਦ ਉਹ ਨਾਨਕਮਤਾ ਪੁੱਜੇ ਤਾਂ ਜੋਗੀਆਂ ਨੇ ਉਹਨਾਂ ਦੀ ਅਮਲਾ ਫੈਲਾ ਵੇਖ ਕੇ ਸੋਚਿਆ ਕਿ ਕੋਈ ਰਾਜਾ ਆਇਆ ਹੈ। ਅਲਮਸਤ ਅੱਗੇ ਹੋਇਆ ਅਤੇ ਸ਼ੁਕਰ ਕੀਤਾ ਕਿ ਉਸ ਦਾ ਰੂਹਾਨੀ ਦਾਤਾ ਪੁੱਜ ਗਿਆ ਹੈ। ਗੁਰੂ ਜੀ ਨੇ ਇੱਕ ਥੜ੍ਹਾ ਬਣਾਇਆ ਅਤੇ ਉਸ ਉਤੇ ਬੈਠ ਕੇ

ਸੋਦਰ ਦਾ ਪਾਠ ਕੀਤਾ। ਉਨ੍ਹਾਂ ਨੇ ਪਿਪਲ ਦੇ ਬਿਰਛ ਉਤੇ ਕੇਸਰ ਛਿੜਕਿਆ ਅਤੇ ਉਹ ਮੁੜ ਪੂਰਾ ਹਰਾ ਭਰਾ ਹੋ ਗਿਆ।

ਜੋਗੀ ਇਕੱਠੇ ਹੋ ਕੇ ਆਏ ਅਤੇ ਕਿਹਾ, "ਆਪ ਇੱਕ ਗ੍ਰਿਹਸਥੀ ਪੁਰਸ਼ ਹੋ, ਅਸੀਂ ਚੰਗੇ ਜਾਣੇ-ਪਛਾਣੇ ਪਵਿੱਤਰ ਸੰਨਿਆਸੀ ਹਾਂ। ਗੋਰਖ ਨਾਥ ਦੇ ਨਾਮ ਤੇ ਹੋਦ ਕਰਕੇ ਇਹ ਅਸਥਾਨ ਸਾਡਾ ਰਿਹਾ ਹੈ। ਸੋ ਆਪ ਚਲੇ ਜਓ ਅਤੇ ਜਿਥੇ ਜੀਅ ਚਾਹੇ ਰਹੋ।" ਗੁਰੂ ਜੀ ਨੇ ਉਤਰ ਦਿਤਾ, "ਤੁਸੀਂ ਪਵਿੱਤਰ ਸੰਨਿਆਸੀ ਕਿਸ ਨੂੰ ਕਹਿੰਦੇ ਹੋ ? ਮੈਂ ਇਹ ਨਾਮ ਕੇਵਲ ਉਸ ਦਾ ਸਮਝਦਾ ਹਾਂ ਜਿਸ ਨੇ ਹੰਕਾਰ ਦਾ ਤਿਆਗ ਕੀਤਾ ਹੈ ਅਤੇ ਪ੍ਰਮਾਤਮਾ ਨਾਲ ਪਿਆਰ ਆਪਣੇ ਹਿਰਦੇ ਵਿੱਚ ਵਸਾਇਆ ਹੋਇਆ ਹੈ। ਕੇਵਲ ਉਹ ਹੀ ਮੁਕਤ ਪ੍ਰਾਪਤ ਕਰੇਗਾ, ਉਹ ਮਨੁੱਖ ਨਹੀਂ ਜਿਸ ਨੇ ਸੰਨਿਆਸੀ ਬਸਤਰ ਪਹਿਨੇ ਹੋਏ ਹਨ।"

ਜੋਗੀਆਂ ਨੇ ਗੁਰੂ ਜੀ ਨੂੰ ਡਰਾਉਣ ਲਈ ਕਰਾਮਾਤਾਂ ਵਿਖਾਈਆਂ ਪਰ ਗੁਰੂ ਜੀ ਉਤੇ ਕੋਈ ਪ੍ਰਭਾਵ ਨਾ ਪਾ ਸਕੇ ਅਤੇ ਇਸ ਤਰ੍ਹਾਂ ਪਰਤ ਗਏ। ਉਸ ਦਿਨ ਤੋਂ ਇਸ ਅਸਥਾਨ ਦਾ ਨਾਮ ਨਾਨਕਮਤਾ ਪੈ ਗਿਆ ਅਤੇ ਉਦਾਸੀ ਸਿੱਖਾਂ ਦੇ ਕਬਜ਼ੇ ਵਿੱਚ ਰਿਹਾ। ਗੁਰੂ ਜੀ ਉਥੇ ਕੁਝ ਸਮਾਂ ਰੁਕੇ, ਆਪਣੇ ਸਿੱਖਾਂ ਨੂੰ ਉਪਦੇਸ਼ ਦਿੰਦੇ ਰਹੇ ਅਤੇ ਅਲਮਸਤ ਦੀ ਅਗਵਾਈ ਹੇਠ ਇੱਕ ਸਿੱਖ ਸੇਵਾ ਸੰਸਥਾ ਕਾਇਮ ਕੀਤੀ।

ਵਾਪਸੀ ਸਫਰ ਤੇ ਗੁਰੂ ਜੀ ਡਰੋਲੀ ਗਏ ਜਿਥੇ ਗੁਰੂ ਜੀ ਦੇ ਮਾਤਾ ਜੀ ਅਤੇ ਮਹਿਲ ਉਨ੍ਹਾਂ ਨੂੰ ਉਡੀਕ ਰਹੇ ਸਨ। ਸਾਈਂ ਦਾਸ ਅਤੇ ਉਸ ਦੀ ਪਤਨੀ, ਬੀਬੀ ਰਾਮੋ ਨੇ ਗੁਰੂ ਜੀ ਤੋਂ ਅਸੀਸਾਂ ਲਈ ਬੇਨਤੀ ਕੀਤੀ। ਗੁਰੂ ਜੀ ਨੇ ਉਤਰ ਦਿਤਾ, "ਜਿਨ੍ਹਾਂ ਦੇ ਹਿਰਦੇ ਸੁੱਚੇ ਹਨ, ਅਕਾਲ ਪੁਰਖ ਸਦਾ ਉਹਨਾਂ ਦੀ ਸਹਾਇਤਾ ਕਰਦਾ ਹੈ। ਸੁੱਚੇ ਮਨ ਨਾਲ ਉਸ ਦੇ ਪਾਵਨ ਨਾਮ ਦਾ ਸਿਮਰਨ ਕਰੋ, ਅਤੇ ਉਸ ਦੀ ਰਜ਼ਾ ਵਿੱਚ ਰਾਜ਼ੀ ਰਵੋ ਤਾਂ ਤੁਸੀਂ ਖੁਸ਼ ਰਹੋਗੇ।"

ਕਤਕ ਮਹੀਨੇ ਦੀ ਪੂਰਨਮਾਸ਼ੀ, ਸੰਮਤ ੧੬੭੦ (ਸੰਨ ੧੬੧੩ ਈ.) ਦਾ ਦਿਨ ਸੀ। ਮਾਤਾ ਦਮੋਦਰੀ ਜੀ ਨੇ ਇੱਕ ਸਪੁੱਤਰ ਨੂੰ ਜਨਮ ਦਿਤਾ, ਜਿਸ ਦਾ ਪਿਛੋਂ ਨਾਮ ਗੁਰਦਿਤਾ ਰੱਖਿਆ ਗਿਆ, ਅਤੇ ਜਿਸ ਦਾ ਚਿਰਹਾ ਮੋਹਰਾ ਗੁਰੂ ਨਾਨਕ ਦੇਵ ਜੀ ਨਾਲ ਬਹੁਤ ਮਿਲਦਾ ਸੀ। ਉਸ ਤੋਂ ਪਿਛੋਂ ਗੁਰੂ ਜੀ ਅੰਮ੍ਰਿਤਸਰ ਮੁੜ ਆਏ।

ਸੇਵਾਦਾਸ, ਇੱਕ ਬ੍ਰਾਹਮਣ, ਜੋ ਸ੍ਰੀਨਗਰ, ਕਸ਼ਮੀਰ, ਵਿੱਚ ਰਹਿੰਦਾ ਸੀ, ਗੁਰੂ ਜੀ ਦਾ ਸਿੱਖ ਬਣ ਗਿਆ ਸੀ। ਉਸ ਦੀ ਮਾਤਾ, ਭਾਗਭਰੀ ਨੇ ਸੂਤ ਕੱਤ ਕੇ, ਗੁਰੂ ਜੀ ਵਾਸਤੇ ਇੱਕ ਸੋਹਣਾ ਚੋਗਾ ਆਪ ਹੀ ਤਿਆਰ ਕੀਤਾ ਸੀ ਤਾਂ ਜੁ ਗੁਰੂ ਜੀ ਜਦ ਆਉਣਗੇ ਤਾਂ ਉਨ੍ਹਾਂ ਨੂੰ ਭੇਟਾ ਕਰੇਗੀ। ਉਹ ਲਗਾਤਾਰ ਅਰਦਾਸ ਕਰਦੀ ਅਤੇ ਗੁਰੂ ਜੀ ਨੂੰ ਉਡੀਕਦੀ ਸੀ। ਗੁਰੂ ਜੀ ਨੇ ਉਸ ਦੀਆਂ ਅਰਦਾਸਾਂ ਸੁਣੀਆਂ ਅਤੇ ਕਸ਼ਮੀਰ ਜਾ ਕੇ ਉਸ ਨੂੰ ਮਿਲਣ ਦਾ ਫੈਸਲਾ ਕੀਤਾ।

ਕਮਸ਼ੀਰ ਜਾਂਦਿਆਂ ਰਾਹ ਵਿੱਚ ਸਿਆਲਕੋਟ ਦੇ ਨੇੜੇ ਚਪਰਨਾਲਾ ਪੁੱਜੇ ਜਿਥੇ ਉਨ੍ਹਾਂ ਨੂੰ ਇੱਕ ਬ੍ਰਾਹਮਣ ਮਿਲਿਆ। ਗੁਰੂ ਜੀ ਨੇ ਉਸ ਤੋਂ ਪੁੱਛਿਆ ਕਿ, "ਪੀਣ ਅਤੇ ਇਸ਼ਨਾਨ ਕਰਨ ਵਾਸਤੇ ਪਾਣੀ ਕਿਥੇ ਮਿਲੇਗਾ ?" ਉਸ ਨੇ ਲਾਪਰਵਾਹੀ ਨਾਲ ਉਤਰ ਦਿਤਾ, "ਕਿ ਇਹ ਧਰਤੀ ਪਥਰੀਲੀ ਹੈ, ਇਸ ਕਰਕੇ ਇਥੇ ਪਾਣੀ ਨਾਮ-ਮਾਤਰ ਹੀ ਹੈ।" ਇਹ ਸੁਣ ਕੇ ਗੁਰੂ ਜੀ ਨੇ ਅਪਣਾ ਬਰਛਾ ਧਰਤੀ ਵਿੱਚ ਮਾਰਿਆ।ਕਿਹਾ ਜਾਂਦਾ ਹੈ ਕਿ ਉਸ ਥਾਂ ਤੇ ਇੱਕ ਨਿਰਮਲ ਪਾਣੀ ਦਾ ਚਸ਼ਮਾ ਫੁੱਟ ਪਿਆ। ਸਿੱਖਾਂ ਨੇ ਉਸ ਚਸ਼ਮੇ ਉਤੇ ਗੁਰੂਸਰ ਨਾਮ ਦਾ ਸਰੋਵਰ ਬਣਾ ਦਿਤਾ। ਬ੍ਰਾਹਮਣ ਬੜਾ ਸ਼ਰਮਿੰਦਾ ਹੋਇਆ ਅਤੇ ਗੁਰੂ ਜੀ ਤੋਂ ਖਿਮਾ ਮੰਗਣ ਲਗਾ ਕਿ ਉਸ ਨੇ ਗੁਰੂ ਜੀ ਦੀ ਮਹਾਨਤਾ ਨੂੰ ਨਹੀਂ ਪਛਾਣਿਆ। ਗੁਰੂ ਜੀ ਨੇ ਉਤਰ ਦਿਤਾ ਕਿ, "ਜੋ ਪਛਤਾਵਾ ਕਰਦੇ ਹਨ ਉਹਨਾਂ ਦੇ ਪਾਪ ਬਖਸ਼ੇ ਜਾਣਗੇ।"

ਗੁਰੂ ਜੀ ਨੇ ਕਸ਼ਮੀਰ ਦੇ ਪਹਾੜਾਂ ਵਿੱਚ ਸਫਰ ਜਾਰੀ ਰਖਿਆ। ਉਥੇ ਉਨ੍ਹਾ ਨੂੰ ਇੱਕ ਸ਼ਰਧਾਲੂ ਸਿੱਖ, ਕੱਟੂ ਸ਼ਾਹ, ਮਿਲਿਆ ਜਿਸ ਨੇ ਗੁਰੂ ਜੀ ਦੇ ਦਰਸ਼ਨ ਅੰਮ੍ਰਿਤਸਰ ਕੀਤੇ ਹੋਏ ਸਨ। ਗੁਰੂ ਜੀ ਨੇ ਉਸ ਦੇ ਗ੍ਰਿਹਿ ਵਿਖੇ ਇੱਕ ਰਾਤ ਬਿਸਰਾਮ ਕੀਤਾ ਅਤੇ ਫਿਰ ਸ੍ਰੀਨਗਰ ਵੱਲ ਚਲ ਪਏ ਜਿਥੇ ਸੇਵਾਦਾਸ ਨਾਮ ਸਿਮਰਨ ਕਰ ਰਿਹਾ ਗੁਰੂ ਜੀ ਦੀ ਉਡੀਕ ਵਿੱਚ ਸੀ। ਉਸ ਦੀ ਮਾਤਾ ਨੇ ਕਿਹਾ ਕਿ ਜਿਥੇ ਵੀ ਗੁਰੂ ਜੀ ਦੇ ਚਰਨ ਪੈਣਗੇ ਉਹ ਉਸ ਧਰਤੀ ਦੀ ਪੂਜਾ ਕਰੇਗੀ। ਗੁਰੂ ਜੀ ਦੇ ਪੁੱਜਣ ਤੇ ਉਹਨਾਂ ਨੇ ਇਨ੍ਹਾ ਦੇ ਬੜੇ ਸਤਿਕਾਰ ਅਤੇ ਚਾਅ ਨਾਂਲ ਸਵਾਗਤ ਕੀਤਾ। ਗੁਰੂ ਜੀ ਨੇ ਸੇਵਾਦਾਸ ਦੀ ਮਾਤਾ ਨੂੰ ਕਿਹਾ ਕਿ, "ਲਿਆਉ ਚੋਗਾ ਜੋ ਤੁਸਾਂ ਮੇਰੇ ਵਾਸਤੇ ਤਿਆਰ ਕੀਤਾ ਹੈ।" ਗੁਰੂ ਜੀ ਨੇ ਪਹਿਨ ਲਿਆ ਅਤੇ ਭਾਗਭਰੀ ਨੂੰ ਅਸੀਸ ਦਿਤੀ। ਗੁਰੂ ਜੀ ਲਈ ਭਗਤੀ-ਭਾਵ ਨਾਲ ਬਿਹਬਲ ਹੋਈ ਮਾਈ ਨੇ ਇਹ ਸ਼ਬਦ ਪੜ੍ਹਿਆ :

'ਐਸੀ ਲਾਲ ਤੁਝ ਬਿਨੁ ਕਉਨੁ ਕਰੈ।
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ।"

(ਰਾਗੁ ਮਾਰੂ ਬਾਣੀ ਰਵਿਦਾਸ ਜੀਉ, ਪੰਨਾ ੧੧੦੬)

ਇਸ ਪਿਛੋਂ ਮਾਈ ਅਤੇ ਪੁਤਰ ਸੇਵਾਦਾਸ ਨੇ ਗੁਰੂ ਜੀ ਦੀ ਚਰਨ-ਪਾਹੁਲ ਲੈ ਕੇ ਕੁਝ ਪੀਤੀ ਅਤੇ ਬਾਕੀ ਆਪਣੇ ਘਰ ਉਤੇ ਛਿੜਕ ਦਿਤੀ।

ਸ੍ਰੀ ਨਗਰ ਅਤੇ ਆਲੇ ਦੁਆਲੇ ਦੇ ਪਿੰਡਾਂ ਤੋਂ ਕਸ਼ਮੀਰੀਆਂ ਨੇ ਆ ਕੇ ਗੁਰੂ ਜੀ ਜੋਗ ਸ਼ਰਧਾਂਜਲੀ ਭੇਟ ਕੀਤੀ ਅਤੇ ਬਹੁਤ ਸਾਰਿਆਂ ਨੇ ਸਿੱਖ ਧਰਮ ਧਾਰਨ ਕਰ ਲਿਆ। ਇੱਕ ਸਵਾਦਲੀ ਵਾਰਤਾ ਵਾਪਰੀ : ਸਿੱਖਾਂ ਦੀ ਇੱਕ ਟੋਲੀ ਇੱਕ ਬੜੀ ਦੂਰ ਪਿੰਡ ਤੋਂ ਗੁਰੂ ਜੀ ਦੇ ਦਰਸ਼ਨ ਕਰਨ ਆਈ ਸ਼ਹਿਦ ਭੇਟਾ ਕਰਨ ਲਈ ਲਿਆਈ। ਰਾਹ ਵਿੱਚ ਉਹਨਾਂ ਨੂੰ ਕੱਟੂ ਸ਼ਾਹ ਮਿਲਿਆ ਜਿਸ ਨੇ ਉਹਨਾਂ ਨੂੰ ਕੁਝ ਸ਼ਹਿਦ ਦੇਣ ਲਈ ਬੇਨਤੀ ਕੀਤੀ, ਪਰ ਉਹਨਾਂ ਨੇ ਨਾ ਦਿਤਾ ਇਹ ਕਹਿ ਕੇ ਕਿ ਉਹ ਸ਼ਹਿਦ ਗੁਰੂ ਜੀ ਨੂੰ ਭੇਟਾ ਕਰਨ ਲਿਜਾ ਰਹੇ ਹਨ, ਕੱਟੂ ਸ਼ਾਹ ਤੋਂ ਬਚਿਆ ਗੁਰੂ ਜੀ ਨੂੰ ਭੇਟਾ ਕਰਨ ਵਾਲਾ ਨਹੀਂ ਰਹੇਗਾ। ਜਦ ਸਿੱਖ ਗੁਰੂ ਜੀ ਕੋਲ ਪੁੱਜੇ ਤਾਂ ਵੇਖਿਆ ਕਿ ਸਾਰਾ ਸ਼ਹਿਦ ਤ੍ਰੱਕ ਗਿਆ, ਕੀੜਿਆਂ ਨਾਲ ਭਰਿਆ ਹੋਇਆ ਸੀ। ਗੁਰੂ ਜੀ ਨੇ ਬਚਨ ਕੀਤਾ, "ਇਹ ਮੇਰੇ ਸਿੱਖ, ਜਿਸ ਵਿੱਚ ਗੁਰੂ ਦੀ ਰੂਹ ਵਸਦੀ ਹੈ, ਨੂੰ ਨ ਦੇਣ ਦਾ ਫਲ ਹੈ।" ਗੁਰੂ ਜੀ ਨੇ ਉਹਨਾਂ ਸਿੱਖਾਂ ਨੂੰ ਹੁਕਮ ਦਿਤਾ ਕਿ ਵਾਪਸ ਜਾਉ ਅਤੇ ਕੱਟੂ ਸ਼ਾਹ ਦੀ ਤਸੱਲੀ ਕਰਾਉ। ਕਿਹਾ ਜਾਂਦਾ ਹੈ ਕਿ ਜਦ ਉਹ ਕੱਟੂ ਸ਼ਾਹ ਕੋਲ ਪੁੱਜੇ ਤਾਂ ਸ਼ਹਿਦ ਤਾਜ਼ਾ ਅਤੇ ਮਿੱਠਾ ਹੋ ਗਿਆ। "ਇੱਕ ਭੁੱਖਾ ਮੂੰਹ ਗੁਰੂ ਦੀ ਗੋਲਕ ਹੈ।"

ਗੁਰੂ ਜੀ ਬਾਰਾਮੂਲਾ ਰਾਹੀਂ ਪੰਜਾਬ ਵਾਪਸ ਚਲ ਪਏ। ਅਗਲੇ ਦਿਨ ਗੁਰੂ ਜੀ ਉਸ ਥਾਂ ਪੁਜੇ ਜਿਥੇ ਰਿਸ਼ੀ ਕਸ਼ਪ ਰਹਿੰਦਾ ਸੀ ਅਤੇ ਜਿਥੇ ਦਸਦੇ ਹਨ ਕਿ ਵਿਸ਼ਨੂੰ ਨੇ ਇੱਕ ਬੌਣੇ ਦਾ ਰੂਪ ਧਾਰਿਆ ਸੀ। ਫਿਰ ਗੁਰੂ ਜੀ ਪੰਜਾਬ ਵਿੱਚ ਗੁਜਰਾਤ ਵਲ ਚਲ ਪਏ ਜਿਥੇ ਉਸ ਸ਼ਹਿਰ ਦੇ ਮਹਾਤਮਾ ਸ਼ਾਹ ਦੌਲਾ ਨੂੰ ਮਿਲੇ। ਸ਼ਾਹ ਦੌਲਾ ਗੁਰੂ ਜੀ ਨੂੰ ਦੋ ਤਲਵਾਰਾਂ ਪਹਿਨੀ, ਸਿਰ ਤੇ ਕਲਗੀ ਸਜਾਈ ਅਤੇ ਹੱਥ ਉਤੇ ਬਾਜ਼ ਬੈਠਾ ਵੇਖ ਕੇ ਬੜਾ ਹੈਰਾਨ ਹੋਇਆ। ਉਸ ਨੇ ਗੁਰੂ ਜੀ ਨੂੰ ਪੁੱਛਿਆ, "ਆਪ ਧਾਰਮਕ ਪੁਰਸ਼ ਕਿਸ ਤਰ੍ਹਾਂ ਹੋ ਸਕਦੇ ਹੋ ਜਦ ਆਪ ਦੀ ਪਤਨੀ ਅਤੇ ਪਰਵਾਰ ਹੈ ਅਤੇ ਦੁਨੀਆਵੀ ਦੌਲਤ ਅਤੇ ਸ਼ਸਤਰਾਂ ਦੇ ਧਾਰਨੀ ਹੋ ?" ਗੁਰੂ ਜੀ ਨੇ ਉਤਰ ਦਿਤਾ, "ਇੱਕ ਪਤਨੀ ਮਨੁੱਖ ਦਾ ਈਮਾਨ ਹੈ, ਉਸ ਦੇ ਬੱਚੇ ਉਸ ਦਾ ਨਿਸ਼ਾਨ ਹਨ, ਦੌਲਤ ਉਸ ਦਾ ਗੁਜ਼ਰਾਨ ਹੈ, ਅਤੇ ਸ਼ਸਤਰ ਜ਼ਾਲਮਾਂ ਦਾ ਨਾਸ ਕਰਨ ਲਈ ਜ਼ਰੂਰੀ ਹਨ।"

ਉਸ ਪਿਛੋਂ ਗੁਰੂ ਜੀ ਵਜ਼ੀਰਾਬਾਦ ਗਏ ਅਤੇ ਫਿਰ ਹਾਫ਼ਿਜ਼ਾਬਾਦ, ਜੋ ਦੋਵੇਂ ਜ਼ਿਲ੍ਹਾ ਗੁਜਰਾਂਵਾਲਾ (ਹੁਣ ਪਾਕਿਸਤਾਨ) ਵਿੱਚ ਹਨ। ਫਿਰ ਉਹ 'ਮੱਟੋ ਭਾਈ' ਨਾਮ ਦੇ ਪਿੰਡ ਗਏ ਅਤੇ ਸਿੱਖ ਧਰਮ ਦੇ ਉਪਦੇਸ਼ਾਂ ਦਾ ਪ੍ਰਚਾਰ ਕੀਤਾ। ਉਥੇ ਗੁਰੂ ਜੀ ਨੇ ਕੁਝ ਸਮਾਂ ਗੁਜ਼ਾਰਿਆ। ਫਿਰ ਗੁਰੂ ਜੀ ਲਾਹੌਰ ਤੋਂ ਪੰਜ ਕੁ ਮੀਲ ਦੂਰ ਮੰਡਿਆਲੀ ਨਾਮ ਅਸਥਾਨ ਤੇ ਪੁੱਜੇ। ਇਥੇ ਗੁਰੂ ਜੀ ਦੇ ਇੱਕ ਬੜੇ ਸ਼ਰਧਾਲੂ ਸਿੱਖ, ਦਵਾਰਕਾ ਨੇ ਆਪਣੀ ਸਪੁੱਤਰੀ, ਬੀਬੀ ਮਰਵਾਹੀ, ਦਾ ਵਿਆਹ ਗੁਰੂ ਜੀ ਨਾਲ ਕੀਤਾ।

ਗੁਰੂ ਜੀ ਅਜੇ ਮੰਡਿਆਲੀ ਹੀ ਸਨ ਕਿ ਉਨ੍ਹਾਂ ਦੇ ਸਿੱਖ 'ਲੰਗਾਹ' ਨੇ ਗੁਰੂ ਜੀ ਨੂੰ ਖਬਰ ਦਿਤੀ ਕਿ ਕੁਝ ਸ਼ਾਹੀ ਅਫਸਰ ਅਤੇ ਕਾਜ਼ੀ ਬਾਦਸ਼ਾਹ ਦੇ ਮਨ ਵਿੱਚ ਲਗਾਤਾਰ ਜ਼ਹਿਰ ਭਰਨ ਦੀਆਂ ਕੋਸ਼ਿਸ਼ ਕਰ ਰਹੇ ਹਨ ਕਿ ਸਿੱਖਾਂ ਦੇ ਸਾਰੇ ਪਵਿਤਰ ਅਸਥਾਨ ਢਾਹ ਦਿਤੇ ਜਾਣ। ਗੁਰੂ ਜੀ ਨੇ ਕੋਈ ਖਾਸ ਧਿਆਨ ਨ ਦਿਤਾ ਅਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਤਲਵੰਡੀ ਚਲੇ ਗਏ। ਉਥੇ ਨਮਾਣੀ ਦੇ ਮੇਲੇ ਲਈ ਇਕੱਠੇ ਹੋਏ ਲੋਕਾਂ ਨੂੰ ਧਰਮ ਉਪਦੇਸ਼ ਦਿਤਾ। ਉਥੋਂ ਗੁਰੂ ਜੀ ਮਦਾਈ ਗਏ। ਉਨ੍ਹਾਂ ਦਾ ਅਗਲਾ ਟਿਕਾਉ ਲਾਹੌਰ ਜ਼ਿਲ੍ਹੇ ਵਿੱਚ 'ਮਾਂਗਾ' ਸੀ। ਉਥੋਂ ਗੁਰੂ ਜੀ ਅੰਮ੍ਰਿਤਸਰ ਵਾਪਸ ਆ ਗਏ ਜਿਥੇ ਸਦਾ ਵਾਂਗ ਸਿੱਖਾਂ ਨੇ ਉਨ੍ਹਾਂ ਦੇ ਸਤਿਕਾਰ ਵਿੱਚ ਬੜੀਆਂ ਖੁਸ਼ੀਆਂ ਮਨਾਈਆਂ।

ਸ਼ਾਹਜਹਾਨ ਦੇ ਰਾਜ ਸਮੇਂ ਉਹ ਸਾਰੇ ਲੋਕ ਅਤੇ ਸੰਸਥਾਵਾਂ ਜੋ ਗੁਰੂ ਜੀ ਲਈ ਵੈਰ-ਭਾਵ ਰਖਦੇ ਸਨ, ਹਰ ਵੇਲੇ ਕਿਸੇ ਮੌਕੇ ਦੀ ਘਾੜ ਵਿੱਚ ਰਹਿੰਦੇ ਸਨ ਕਿ ਗੁਰੂ ਜੀ ਨੂੰ ਮਾਰ ਦਿਤਾ ਜਾਏ ਅਤੇ ਵਧ ਰਹੀ ਸਿੱਖ ਲਹਿਰ ਨੂੰ ਰੋਕਿਆ ਜਾਵੇ। ਹਦੂਰ ਅਥਵਾ ਕਹਿਲੂਰ (ਨਾਲਾਗੜ੍ਹ) ਦਾ ਰਾਜਾ ਤਾਰਾਚੰਦ ਗੁਰੂ ਜੀ ਕੋਲ ਹਾਜ਼ਰ ਹੋਇਆ ਅਤੇ ਗੁਰੂ ਜੀ ਨੂੰ ਆਪਣੀ ਰਿਆਸਤ ਵਿੱਚ ਚਰਨ ਪਾਉਣ ਲਈ ਬੇਨਤੀ ਕੀਤੀ। ਇਹਨਾਂ ਹਾਲਤਾਂ ਵਿੱਚ ਗੁਰੂ ਜੀ ਦਾ ਵਿਚਾਰ ਇੱਕ ਦੂਜਾ ਕਾਇਮ-ਮੁਕਾਮ ਬਨਾਉਣ ਦਾ ਸੀ। ਉਨ੍ਹਾਂ ਨੇ ਆਪਣੇ ਸਪੁੱਤਰ ਬਾਬਾ ਗੁਰਦਿਤਾ ਨੂੰ ਰਾਜਾ ਤਾਰਾ ਚੰਦ ਵਲ ਭੇਜ ਦਿਤਾ ਅਤੇ ਇਕਰਾਰ ਕੀਤਾ ਕਿ ਉਹ ਕੁਝ ਸਮੇਂ ਪਿਛੋਂ ਉਸ ਦੀ ਰਿਆਸਤ ਵਿੱਚ ਆਉਣਗੇ। ਰਾਜੇ ਨੇ ਗੁਰੂ ਜੀ ਦੀ ਪੱਕੀ ਰਿਹਾਇਸ਼ ਵਾਸਤੇ ਇੱਕ ਜ਼ਮੀਨ ਦਾ ਟੁਕੜਾ ਅਰਪਣ ਕੀਤਾ। ਕਈ ਲੇਖਕ ਕਹਿੰਦੇ ਹਨ ਕਿ ਗੁਰੂ ਜੀ ਨੇ ਇਹ ਜ਼ਮੀਨ ਰਾਜੇ ਕੋਲੋਂ ਮੁੱਲ ਲਈ ਸੀ। ਉਸ ਜ਼ਮੀਨ ਤੇ ਬਾਬਾ ਗੁਰਦਿਤਾ ਜੀ ਨੇ ਕੀਰਤਪੁਰ ਨਗਰ ਦੀ ਨੀਂਹ ਰੱਖ ਦਿਤੀ।

ਮਾਲਵੇ ਦਾ ਇਲਾਕਾ ਅਜੇ ਵੀ ਇੱਕ ਬਹੁਤ ਵੱਡੀ ਵੀਰਾਨ ਧਰਤੀ ਸੀ ਅਤੇ ਇਥੋਂ ਦੇ ਲੋਕ ਹਾਲਾਂ ਕਿਸੇ ਧਰਮ ਦੇ ਧਾਰਨੀ ਨਹੀਂ ਸਨ। ਸੋ ਗੁਰੂ ਜੀ ਇਸ ਇਲਾਕੇ ਵਿੱਚ ਆਏ। ਉਹ ਜ਼ੀਰਾ, ਰੋਡੇ ਲੰਡੇ, ਗਿੱਲ, ਕੋਟੜਾ ਅਤੇ ਹਾਜੀ ਪਿੰਡਾਂ ਵਿੱਚ ਗਏ। ਉਸ ਪਿਛੋਂ ਉਹ ਮਰਾਝ, ਡੱਬਵਾਲੀ, ਭਦੌੜ, ਮਹਿਲ, ਦੇਦ ਮਲੂਕੇ, ਦੇਮਰੂ, ਹੁੰਦੇ ਹੋਏ ਡਰੌਲੀ ਪੁੱਜੇ। ਉਥੋਂ ਚਲਣ ਤੋਂ ਪਹਿਲਾਂ ਗੁਰੂ ਜੀ ਲੋਕਾਂ ਨੂੰ ਅਸੀਸਾਂ ਬਖਸ਼ੀਆਂ ਅਤੇ ਇੱਕ 'ਪੋਥੀ' ਦਿੱਤੀ ਅਤੇ

ਨਾਲ ਇੱਕ ਛੋਟੀ ਕਟਾਰ ਯਾਦਗਾਰ ਵਜੋਂ। ਉਥੋਂ ਗੁਰੂ ਜੀ ਬੜਾ ਘਰ, ਮੰਦੋ, ਲੋਪੋ,, ਸਿਧਵਾਂ ਗਏ ਅਤੇ ਫਿਰ ਸਿਧਾਰ ਪੁੱਜੇ। ਰਾਇ ਜੋਧ, ਕੰਗੜ ਦਾ ਇੱਕ ਵੱਡਾ ਜ਼ਿੰਮੀਦਾਰ, ਆਪਣੀ ਪਤਨੀ ਭਾਗਵਾਨ, ਜੋ ਗੁਰੂ ਜੀ ਦੇ ਸਿੱਖ ਭਾਗ ਮਲ ਦੀ ਪੁੱਤਰੀ ਸੀ, ਦੀ ਪ੍ਰੇਰਨਾ ਅਧੀਨ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ। ਉਹ ਐਨਾ ਪ੍ਰਭਾਵਤ ਹੋਇਆ ਕਿ ਉਸ ਨੇ ਸਿੱਖ ਧਰਮ ਧਾਰਨ ਕਰਨ ਦੀ ਇੱਛਾ ਦਰਸਾਈ। ਗੁਰੂ ਜੀ ਨੇ ਉਸ ਨੂੰ, ਉਸ ਦੇ ਭਰਾ ਉਮਰ ਸ਼ਾਹ ਅਤੇ ਹੋਰ ਬਹੁਤ ਸਾਰਿਆਂ ਨੂੰ ਸਿੱਖ ਬਣਾਇਆ।

ਬਹੁਤ ਗਿਣਤੀ ਵਿੱਚ ਲੋਕ ਆਏ ਅਤੇ ਸਿੱਖ ਧਰਮ ਧਾਰਨ ਕੀਤਾ, ਖਾਸ ਕਰਕੇ ਮਾਲਵਾ ਇਲਾਕੇ ਵਿੱਚ। ਭਾਰਤੀ ਧਰਮਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੀ ਕਿ ਲੋਕਾਂ ਨੂੰ ਇੱਕ ਅਜੇਹਾ ਧਾਰਮਕ ਆਗੂ ਮਿਲਿਆ ਜੋ ਹਰ ਤਰ੍ਹਾਂ ਦੀ ਲੁੱਟਮਾਰ, ਅਨਿਆਂ ਅਤੇ ਜਬਰ ਜ਼ੁਲਮ ਦੇ ਵਿਰੁਧ ਟਾਕਰਾ ਕਰਨ ਦੇ ਆਦਰਸ਼ ਲਈ ਪ੍ਰਤੀਬਧ ਸੀ। ਅਸਲ ਵਿੱਚ ਗੁਰੂ ਜੀ ਦਾ ਨੀਵੀਆਂ ਅਤੇ ਲਤਾੜੀਆਂ ਜਾ ਰਹੀਆਂ ਸ਼੍ਰੇਣੀਆਂ ਨਾਲ ਗੂੜ੍ਹ ਨੇੜਤਾ ਅਤੇ ਉਹਨਾਂ ਦੀ ਭਲਾਈ ਅਤੇ ਉਹਨਾਂ ਨੂੰ ਉਤਾਂਹ ਚੁਕਣ ਲਈ ਲਗਾਤਾਰ ਕੋਸ਼ਿਸ਼ਾਂ ਨੇ ਗੁਰੂ ਜੀ ਨੂੰ ਜਨਤਾ ਦੀਆਂ ਅੱਖਾਂ ਦਾ ਤਾਰਾ ਬਣਾ ਦਿਤਾ।

## ਗੁਰੂ ਜੀ ਦਾ ਪਰਵਾਰ :

ਗੁਰੂ ਜੀ ਦੇ ਪੰਜ ਸਪੁੱਤਰ ਅਤੇ ਇੱਕ ਸਪੁੱਤਰੀ ਸੀ। ਇਹ ਸਨ :
ਬਾਬਾ ਗੁਰਦਿਤਾ ਮਾਤਾ ਦਮੋਦਰੀ ਦੀ ਕੁੱਖੋਂ ੧੬੧੩ ਵਿਚ;
ਬੀਬੀ ਵੀਰੋ ਦਾ ਜਨਮ ਮਾਤਾ ਦਮੋਦਰੀ ਜੀ ਤੋਂ ੧੬੧੫ ਵਿਚ;
ਬਾਬਾ ਸੂਰਜ ਮਲ ਮਾਤਾ ਮਾਰਵਾਹੀ ਦੀ ਕੁਖ਼ੋਂ ੧੬੧੭ ਵਿਚ;
ਬਾਬਾ ਅਨੀਰਾਇ ਦਾ ਜਨਮ ਮਾਤਾ ਨਾਨਕੀ ਜੀ ਤੋਂ ੧੬੧੮;
ਬਾਬਾ ਅਟਲ ਰਾਇ ਦਾ ਜਨਮ ਮਾਤਾ ਨਾਨਕੀ ਜੀ ਤੋਂ ੧੬੧੯;
ਬਾਬਾ ਤੇਗ ਬਹਾਦਰ ਦਾ ਜਨਮ ਮਾਤਾ ਨਾਨਕੀ ਜੀ ਤੋਂ ੧੬੨੧;

ਅੰਮ੍ਰਿਤਸਰ ਵਿੱਚ ਗੁਰਮੁਖ ਨਾਮ ਦਾ ਸਿੱਖ ਸੀ, ਜਿਸ ਦਾ ਇਕੋ ਇੱਕ ਪੁੱਤਰ ਮੋਹਨ ਸੀ। ਬਾਬਾ ਅਟਲ ਅਤੇ ਮੋਹਨ ਇਕੱਠੇ ਖੇਡਿਆ ਕਰਦੇ ਸਨ। ਇੱਕ ਦਿਨ ਉਹ ਰਾਤ ਤਕ ਖੇਡਦੇ ਰਹੇ। ਜਿਤ ਬਾਬਾ ਅਟਲ ਦੀ ਰਹੀ ਅਤੇ ਇਹ ਫੈਸਲਾ ਹੋਇਆ ਕਿ ਖੇਡ ਅਗਲੇ ਦਿਨ ਸਵੇਰੇ ਜਾਰੀ ਕੀਤੀ ਜਾਏ। ਜਦ ਮੋਹਨ ਗਿਆ ਤਾਂ ਉਸ ਨੂੰ ਇੱਕ ਕਾਲੇ ਨਾਗ ਨੇ ਡੰਗ ਮਾਰ ਦਿਤਾ ਅਤੇ ਮੋਹਨ ਦੀ ਮੌਤ ਹੋ ਗਈ। ਅਗਲੀ ਸਵੇਰ ਬਾਬਾ ਅਟਲ ਮੋਹਨ ਦੇ ਘਰ ਗਏ ਅਤੇ ਉਸ ਨੂੰ ਦੱਸਿਆ ਗਿਆ ਕਿ ਮੋਹਨ ਦੀ ਮੌਤ ਹੋ ਗਈ ਹੈ। ਬਾਬਾ ਅਟਲ ਨੇ ਇਤਬਾਰ ਨ ਕੀਤਾ ਕਿ ਮੋਹਨ ਮਰ ਗਿਆ ਹੈ ਅਤੇ ਉਸ ਨੇ ਮਰੇ ਹੋਏ ਮੋਹਨ ਨੂੰ ਚੁਕ ਕੇ ਜਿਵਾ ਦਿਤਾ। ਇਸ ਤੇ ਗੁਰੂ ਜੀ ਬੜੇ ਗੁੱਸੇ ਵਿੱਚ ਬਾਬਾ ਅਟਲ ਨੂੰ ਬੋਲੇ, "ਜ਼ਰੂਰੀ ਹੈ ਕਿ ਤੂੰ ਕਰਾਮਾਤਾਂ ਕਰੇਂ ਜਦ ਮੈਂ ਲੋਕਾਂ ਨੂੰ ਅਕਾਲ ਪੁਰਖ ਦੀ ਰਜ਼ਾ ਨੂੰ ਮੰਨਣਾ ਸਿਖਾ ਰਿਹਾ ਹਾਂ।" ਬਾਬਾ ਅਟਲ ਨੇ ਉਤਰ ਦਿਤਾ, "ਮਹਾਨ ਪਾਤਸ਼ਾਹ, ਆਪ ਜੁਗ ਜੁਗ ਜੀਵੋ, ਮੈਂ ਸਚਖੰਡ ਤੁਰ ਜਾਂਦਾ ਹਾਂ।" ਇਹ ਕਹਿ ਕੇ ਬਾਬਾ ਅਟੱਲ ਚਲੇ ਗਏ ਅਤੇ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕੀਤਾ, ਹਰਿਮੰਦਰ ਸਾਹਿਬ ਦੀਆਂ ਚਾਰ ਪਰਕਰਮਾ ਕੀਤੀਆਂ। ਜਿਉਂ ਹੀ ਉਸ ਨੇ ਸਵੇਰ ਦੀ ਭਗਤੀ ਭਾਵਨਾ ਪੂਰੀ ਕੀਤੀ ਉਸ ਦੀ ਜੋਤਿ ਅਕਾਲ ਪੁਰਖ ਦੀ ਜੋਤਿ ਵਿੱਚ ਸਮਾ ਗਈ। ਉਸ ਦੀ ਉਮਰ ਨੌਂ ਵਰ੍ਹੇ ਦੀ ਸੀ।

ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਗੁਰਦਿਤਾ ਆਪਣੇ ਸਭ ਤੋਂ ਵੱਡੇ ਸਪੁੱਤਰ ਨੂੰ ਬੁੱਢਣ ਸ਼ਾਹ ਬਾਰੇ ਸਾਰਾ ਹਾਲ ਦੱਸਿਆ ਅਤੇ ਉਸ ਦੀ ਸ਼ਰਧਾ ਭਾਵਨਾ ਦੀ ਸ਼ਲਾਘਾ ਕੀਤੀ। ਗੁਰੂ ਜੀ ਨੇ ਗੁਰਦਿਤਾ ਜੀ ਨੂੰ ਬੁੱਢਣ ਸ਼ਾਹ ਕੋਲ ਭੇਜਿਆ। ਬਾਬਾ ਗੁਰਦਿਤਾ ਜੀ ਆਪਣੀ ਧਰਮ ਪਤਨੀ ਬੀਬੀ ਨੱਤੀ ਜੀ ਅਤੇ ਆਪਣੇ ਸਪੁੱਤਰ ਧੀਰਮੱਲ ਨੂੰ ਨਾਲ ਲੈ ਕੇ ਸਤਿਲੁਜ ਦਰਿਆ ਕੰਢੇ ਤੇ ਰਹਿ ਰਹੇ ਪੀਰ ਬੁੱਢਣ ਸ਼ਾਹ ਨੂੰ ਜਾ ਕੇ ਮਿਲੇ। ਬਾਬਾ ਗੁਰਦਿਤਾ ਜੀ ਨੇ ਯਾਦ ਦਿਵਾਉਂਦਿਆਂ ਬੁੱਢਣ ਸ਼ਾਹ ਨੂੰ ਕਿਹਾ, "ਸਾਂਈ ਜੀ, ਗੁਰੂ ਜੀ ਨੇ ਆਪ ਜੀ ਕੋਲ ਦੁੱਧ ਅਮਾਨਤ ਰੱਖਿਆ ਸੀ। ਉਹ ਮੈਨੂੰ ਦਿਉ। ਗੁਰੂ ਜੀ ਮੇਰੇ ਪਿਤਾ ਹਨ ਅਤੇ ਉਨ੍ਹਾਂ ਨੇ ਮੈਨੂੰ ਦੁੱਧ ਵਾਸਤੇ ਭੇਜਿਆ ਹੈ।"[੬] ਬੁੱਢਣ ਸ਼ਾਹ ਨੇ ਦੁੱਧ ਦਿਤਾ ਅਤੇ ਕਿਹਾ ਜਾਂਦਾ ਹੈ ਕਿ ਇਹ ਉਵੇਂ ਦਾ ਉਵੇਂ ਤਾਜ਼ਾ ਸੀ ਜਿਵੇਂ ਚੋਣ ਵੇਲੇ। ਬਾਬਾ ਗੁਰਦਿਤਾ ਜੀ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਨੱਤੀ ਜੀ ਕੀਰਤਪੁਰ ਹੀ ਰਹਿੰਦੇ ਰਹੇ। ਉਹਨਾਂ ਦੇ ਗ੍ਰਿਹਿ੧੬ ਜਨਵਰੀ ਸੰਨ ੧੬੩੦ ਈ. ਇੱਕ ਸਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ ਉਹਨਾਂ ਨੇ ਹਰਿਰਾਇ ਰੱਖਿਆ।

## ਬਾਬਾ ਬੁੱਢਾ ਜੀ :

ਬਾਬਾ ਬੁੱਢਾਂ ਜੀ ਆਪਣੇ ਭਗਤੀ ਭਾਵ ਵਿੱਚ ਤਤਪਰ ਆਪਣੇ ਪਿੰਡ ਰਾਮਦਾਸ ਹੀ ਟਿਕੇ ਰਹੇ। ਜਦ ਉਨ੍ਹਾਂ ਨੇ ਆਪਣਾ ਅੰਤ ਸਮਾ ਨੇੜੇ ਵੇਖਿਆ ਤਾਂ ਗੁਰੂ ਜੀ ਨੂੰ ਆਪਣੇ ਇਕਰਾਰ ਅਨੁਸਾਰ ਆਉਣ ਲਈ ਬੇਨਤੀ ਕਰ ਭੇਜੀ। ਗੁਰੂ ਜੀ ਨੇ ਆ ਕੇ ਬਚਨ ਕੀਤਾ, "ਬਾਬਾ ਬੁੱਢਾ ਜੀ, ਆਪ ਨੇ ਲੰਮੀ ਉਮਰ ਬਿਤਾਈ ਹੈ ਅਤੇ ਸਦਾ ਗੁਰੂ ਸਾਹਿਬਾਨ ਦੇ ਸੰਗ ਰਹੇਹੋ। ਕੁਝ ਸਿਖਿਆ ਦਿਉ।" ਬਾਬਾ ਜੀ ਨੇ ਉਤਰ ਦਿਤਾ, "ਮਹਾਨ ਪਾਤਸ਼ਾਹ, ਆਪ ਇੱਕ ਸੂਰਜ ਹੋ, ਮੈਂ ਆਪਣੇ ਸਾਹਮਣੇ ਇੱਕ ਟਟਹਿਣਾ ਹਾਂ। ਆਪ ਜੀ ਮੇਰੀ ਰਖਿਆ ਕਰਨ ਆਏ ਹੋ ਅਤੇ ਮਰਨ ਸਮੇਂ ਮੇਰੀ ਬੇਨਤੀ ਸੁਨਣ। ... ਮੈਂ ਗੁਰੂ ਘਰ ਦੀਆਂ ਛੇ ਪੁਸ਼ਤਾਂ ਦਾ ਸੇਵਕ ਰਿਹਾ ਹਾਂ। ਅਗਲੇ ਸੰਸਾਰ ਵਿੱਚ ਮੇਰੀ ਸਹਾਇਤਾ ਲਈ ਬਹੁੜਣਾ, ਅਤੇ ਜਦ ਮੈਂ ਮੌਤ ਦੇ ਦਰ ਵਿਚੋਂ ਲੰਘਾਂ ਤਾਂ ਮੈਨੂੰ ਕਸ਼ਟ ਨ ਹੋਣ ਦੀ ਬਖਸ਼ਿਸ਼ ਕਰਨਾ ਜੋ ਮੈਂ ਚਾਅ ਨਾਂਲ ਆਸ ਕਰਦਾ ਹਾਂ ਮੁਕਤੀ ਦਾ ਮੁਖ ਦਵਾਰ ਹੋਵੇਗਾ। ਐਹ ਮੇਰਾ ਪੁੱਤਰ ਭਾਨਾ ਹੈ ਆਪ ਜੀ ਦੀ ਸੇਵਾ ਲਈ, ਇਸ ਦੀ ਬਾਂਹ ਫੜ ਲਵੋ ਅਤੇ ਇਸ ਨੂੰ ਆਪਣੇ ਚਰਨਾਂ ਵਿੱਚ ਰਖੋ।" ਗੁਰੂ ਜੀ ਨੇ ਉਤਰ ਦਿਤਾ, "ਬਾਬਾ ਬੁੱਢਾ ਜੀ ਆਪ ਜੀ ਦੀ ਜ਼ਰੂਰ ਕਲਿਆਣ ਹੋਵੇਗੀ। ਆਪ ਜੀ ਦੀ ਨਿਮਰਤਾ ਇਸ ਦਾ ਯਕੀਨ ਦਿਵਾਉਂਦੀ ਹੈ" ਫਿਰ ਗੁਰੂ ਜੀ ਨੇ ਬਾਬਾ ਬੁੱਢਾ ਜੀ ਦੇ ਸਿਰ ਉਤੇ ਹੱਥ ਰਖਿਆ ਅਤੇ ਅਸੀਸ ਕੀ ਬਖਸ਼ਿਸ਼ ਕੀਤੀ। ਬਾਬਾ ਬੁੱਢਾ ਜੀ ਸਰੀਰ ਤਿਆਗ ਦਿਤਾ। ਗੁਰੂ ਜੀ ਅਤੇ ਸਿੱਖਾਂ ਨੇ ਬਾਬਾ ਬੁੱਢਾ ਜੀ ਦੀ ਲੰਮੀ, ਪਾਵਨ ਅਤੇ ਮਹੱਤਵਪੂਰਨ ਜੀਵਨੀ ਪਿਛੋਂ ਮਿਰਤੂ ਤੇ ਵਧਾਈਆਂ ਦੇ ਸੋਹਿਲੇ ਗਾਏ ਅਤੇ ਬਾਬਾ ਜੀ ਵਲੋਂ ਸਿੱਖ ਧਰਮ ਨੂੰ ਪ੍ਰਚਾਰਨ ਅਤੇ ਸੰਗਠਨ ਕਰਨ ਵਿੱਚ ਦਿਤੀ ਸਹਾਇਤਾ ਦੀ ਸ਼ਲਾਘਾ ਕੀਤੀ। ਬਾਬਾ ਜੀ ਦੀ ਚਿਤਾ ਨੂੰ ਗੁਰੂ ਜੀ ਨੇ ਆਪ ਅਗਨੀ ਦਿਤੀ।

## ਭਾਈ ਗੁਰਦਾਸ ਜੀ :

ਭਾਈ ਗੁਰਦਾਸ ਚੌਥੇ, ਪੰਜਵੇਂ ਅਤੇ ਛੇਵੇਂ ਗੁਰੂ ਸਾਹਿਬਾਨ ਦਾ ਸਮਕਾਲੀ ਸੀ ਅਤੇ ਉਹਨਾਂ ਨੂੰ ਅਤੇ ਉਨ੍ਹਾਂ ਦੇ ਹੋਰ ਸਮਕਾਲੀਆਂ ਨੂੰ ਜਾਣਦਾ ਸੀ, ਖਾਸ ਕਰ ਬਾਬਾ ਬੁੱਢਾ ਜੀ ਜੋ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸਿੱਖ ਬਣੇ ਹੋਏ ਸਨ। ਸਿੱਖ ਧਰਮ ਦੇ ਸਿਧਾਂਤ ਭਾਈ ਗੁਰਦਾਸ ਦੀਆਂ ਵਾਰਾ ਵਿੱਚ ਦਿਤੇ ਹੋਏ ਹਨ।ਇਹ ਚੌਵੀ ਵਾਰਾਂ ਹਨ ਅਤੇ ਹਰੇਕ ਵਾਰ ਵੱਖ ਵੱਖ ਗਿਣਤੀਆਂ ਦੀਆਂ ਪਉੜੀਆਂ ਵਿੱਚ ਵੰਡੀ ਹੋਈ ਹੈ ਅਤੇ ਹਰੇਕ ਪਉੜੀ ਵਿੱਚ ਛੇ ਤੋਂ ਅੱਠ ਤੁੱਕਾਂ ਹਨ।

ਇੱਕ ਸਵੇਰ ਗੁਰੂ ਹਰਿਗੋਬਿੰਦ ਸਾਹਿਬ ਭਾਈ ਗੁਰਦਾਸ ਕੋਲ ਗਏ ਜਿਸ ਦਾ ਅੰਤ ਸਮਾਂ ਹੁਣ ਆ ਰਿਹਾ ਸੀ। ਭਾਈ ਗੁਰਦਾਸ ਨੇ ਗੁਰੂ ਜੀ ਜੋਗ ਬੇਨਤੀ ਕੀਤੀ ਕਿ ਉਸ ਨੇ ਜੋ ਕੋਈ ਪਾਪ ਕੀਤਾ ਹੋਵੇ ਉਸ ਦੀ ਮਾਫੀ ਬਖਸ਼ਣ। ਗੁਰੂ ਜੀ ਨੇ ਉਤਰ ਦਿਤਾ, "ਭਾਈ ਗੁਰਦਾਸ ਜੀ, ਮੈਂ ਆਪ ਵੱਲੋਂ ਸਿੱਖ ਧਰਮ ਦੀ ਰੂਪ-ਰੇਖਾ ਨਿਖਾਰਨ ਵਿੱਚ ਦਿਤੀ ਸਹਾਇਤਾ ਲਈ ਆਪ ਦਾ ਧੰਨਵਾਦ ਕਰਦਾ ਹਾਂ। ਗੁਰਸਿੱਖਾਂ ਵਿੱਚ ਆਪ ਦਾ ਨਾਮ ਅਮਰ ਰਹੇਗਾ।" ਇਹ ਸੁਣ ਕੇ ਭਾਈ ਗੁਰਦਾਸ ਜੀ ਨੇ ਅਕਾਲ ਪੁਰਖ ਦਾ ਧਿਆਨ ਕੀਤਾ ਅਤੇ ਆਪਣੇ ਉਤੇ ਚਾਦਰ ਲੈ ਅੱਖਾਂ ਮੀਟ ਸਦਾ ਦੀ ਨੀਂਦ ਸੌਂ ਗਏ। ਇਹ ਸ਼ੁਕਰਵਾਰ, ਭਾਦੋਂ ਮਹੀਨੇ ਦੇ ਚਾਨਣੇ ਪੱਖ ਦਾ ਪੰਜਵਾਂ ਦਿਨ, ਸੰਮਤ ੧੬੮੬ (ਸੰਨ ੧੬੨੯ ਈ.) ਸੀ। ਭਾਈ ਗੁਰਦਾਸ ਜੀ ਦਾ ਅੰਤਮ ਸੰਸਕਾਰ ਕਰਕੇ ਗੁਰੂ ਜੀ ਅੰਮ੍ਰਿਤਸਰ ਪਰਤ ਆਏ।

## ਗੁਰੂ ਜੀ ਕੀਰਤਪੁਰ ਵਿੱਚ :

ਗੁਰੂ ਜੀ ਨੇ ਕੀਰਤਪੁਰ ੧੬੩੫ ਤੋਂ ੧੬੪੪ ਤਕ ਨਿਵਾਸ ਕੀਤਾ। ਇਹ ਹਿਮਾਲੀਆ ਪਰਬਤ ਦੇ ਪੈਰਾਂ ਵਿੱਚ ਵਸਿਆ ਪਹਾੜੀ ਨਗਰ ਹੈ। ਗੁਰੂ ਜੀ ਨੇ ਇਹ ਥਾਂ ਇਸ ਕਾਰਨ ਚੁਣਿਆ ਕਿ ਉਹਨਾਂ ਸਮਿਆਂ ਵਿੱਚ ਜਦ ਸਵਾਰੀ ਅਤੇ ਆਉਣ ਜਾਣ ਦੇ ਰਾਹ ਅਨਵਿਕਾਸੇ ਅਤੇ ਨਾਂ-ਮਾਤਰ ਹੀ ਸਨ, ਇਥੇ ਚਾਰ ਯੁੱਧਾਂ ਪਿਛੋਂ ਮੁਗਲ ਰਾਜ ਅਤੇ ਸਿੱਖਾਂ ਵਿਚਕਾਰ ਹੋਰ ਲੜਾਈ ਝਗੜੇ ਨੂੰ ਦੂਰ ਰੱਖ ਸਕਣਗੇ। ਇਸ ਇਲਾਕੇ ਵਿੱਚ ਪਹਾੜੀ ਰਾਜੇ ਸਨ ਜੋ ਗੁਰੂ ਜੀ ਦੇ ਬੜੇ ਹੀ ਸ਼ਰਧਾਲੂ ਸਨ ਕਿਉਂਕਿ ਗੁਰੂ ਜੀ ਦੀ ਮਿਹਰ ਨਾਲ ਹੀ ਉਹਨਾਂ ਦੀ ਗਵਾਲੀਅਰ ਕਿਲ੍ਹੇ ਤੋਂ ਰਿਹਾਈ ਹੋਈ ਸੀ। ਕਈ ਤਾਂ ਸਿੱਖ ਧਰਮ ਦਾ ਬੜਾ ਮਾਨ ਆਦਰ ਕਰਨ ਲਗ ਪਏ ਸਨ। ਕੁਝ ਹਾਲਤਾ ਸਨ ਜਿਨ੍ਹਾਂ ਕਰਕੇ ਗੁਰੂ ਜੀ ਨੇ ਕੀਰਤਪੁਰ ਨੂੰ ਆਪਣਾ ਮੁਖ ਅਸਥਾਨ ਬਣਾਇਆ ਜਾਪਦਾ ਹੈ।

ਜਦ ਗੁਰੂ ਜੀ ਯੁੱਧ ਖੇਤਰ ਵਿੱਚ ਰੁਝੇ ਹੋਏ ਸਨ ਤਾਂ ਬਾਬਾ ਗੁਰਦਿਤਾ ਜੀ ਪ੍ਰਬੰਧਕੀ ਕੰਮਾਂ ਦੀ ਦੇਖਭਾਲ ਕਰਦੇ ਸਨ। ਸੰਨ ੧੬੩੬ ਵਿੱਚ ਗੁਰੂ ਜੀ ਨੇ ਬਾਬਾ ਗੁਰਦਿਤਾ ਨੂੰ ਚਾਰ ਮੁਖੀ ਪ੍ਰਚਾਰਕ ਨਿਯੁਕਤ ਕਰਨ ਲਈ ਕਿਹਾ : ਅਲਮਸਤ, ਫੂਲ, ਗੋਂਦਾ ਅਤੇ ਬਾਬਾ ਹਸਨਾ। ਅਲਮਸਤ ਨੂੰ ਪੂਰਬ ਵਿੱਚ ਸਿਖੀ ਦਾ ਪ੍ਰਚਾਰ ਕਰਨ ਲਈ ਮੁਖ ਪ੍ਰਬੰਧਕ ਬਣਾਇਆ। ਬਾਬਾ ਹਸਨਾ, ਜੋ ਅਲਮਸਤ ਦਾ ਛੋਟਾ ਭਰਾ ਸੀ, ਪੋਠੋਹਾਰ, ਕਸ਼ਮੀਰ, ਛਛ ਅਤੇ ਹਜ਼ਾਰਾ ਦੇ ਲੋਕਾਂ ਵਿੱਚ ਲਗ ਗਿਆ। ਇਸੇ ਤਰ੍ਹਾਂ ਫੂਲ ਅਤੇ ਗੋਂਦ ਨੂੰ ਦੁਆਬ ਦਾ ਇਲਾਕਾ ਪ੍ਰਚਾਰ ਲਈ ਸੌਂਪਿਆ ਗਿਆ। ਇਨ੍ਹਾਂ ਚਹੁੰ ਸਜਣਾਂ ਨੇ ਆਪਣੇ ਆਪਣੇ ਸੌਂਪੇ ਗਏ ਇਲਾਕਿਆਂ ਵਿੱਚ ਚਾਰ ਉਦਾਸੀਆਂ, ਜਿਨ੍ਹਾਂ ਨੂੰ ਧੂੰਏਂ ਜਾਂ ਅੰਗੀਠੇ ਕਹਿੰਦੇ ਸੀ, ਸਿੱਖ ਧਰਮ ਦੀ ਜੋਤ ਨੂੰ ਪ੍ਰਗਟ ਕਰਨ ਵਾਲੇ ਨਿਸ਼ਾਨ ਵਜੋਂ ਥਾਪ ਦਿਤੀਆਂ। ਇਹਨਾਂ ਤੋਂ ਵੱਖ, ਗੁਰੂ ਜੀ ਨੇ ਭਾਈ ਬਿਧੀ ਚੰਦ ਨੂੰ ਬੰਗਾਲ ਭੇਜਿਆ। ਇਸ ਤੋਂ ਪਹਿਲਾਂ ਗੁਰੂ ਜੀ ਭਾਈ ਗੁਰਦਾਸ ਨੂੰ ਕਾਬਲ ਅਤੇ ਉਸ ਪਿਛੋਂ ਬਨਾਰਸ ਗੁਰੂ ਜੀ ਦੇ ਸੰਦੇਸ਼ ਨੂੰ ਲੋਕਾਂ ਵਿੱਚ ਉਜਾਗਰ ਕਰਨ ਅਤੇ ਘੋੜਿਆਂ ਦੇ ਵਪਾਰ ਲਈ ਉਤੇਜਤ ਕਰਨ ਵਾਸਤੇ ਭੇਜ ਚੁੱਕੇ ਸਨ।

ਇੱਕ ਦਿਨ ਬਾਬਾ ਗੁਰਦਿਤਾ ਜੀ ਸ਼ਿਕਾਰ ਖੇਡਣ ਗਏ। ਸਬਬ ਨਾਲ ਇੱਕ ਸਿੱਖ ਨੇ ਦੂਰੋਂ ਹਰਨ ਸਮਝ ਕੇ ਇੱਕ ਗਊ ਨੂੰ ਮਾਰ ਦਿਤਾ। ਆਜੜੀ ਆਏ ਅਤੇ ਉਸ ਸਿੱਖ ਨੂੰ ਉਹਨਾਂ ਨੇ ਹਿਰਾਸਤ ਵਿੱਚ ਲੈ ਲਿਆ। ਬਾਬਾ ਗੁਰਦਿਤਾ ਸਿੱਖ ਦੀ ਸਹਾਇਤਾ ਕਰਨ ਆਏ ਤਾਂ ਆਜੜੀ ਲੋਕਾਂ ਨੂੰ ਹਰਜਾਨਾ ਦੇਣ ਦੀ ਪੇਸ਼ਕਸ਼ ਕੀਤੀ। ਉਹ ਲੋਕ ਗੁਰੂ ਜੀ ਦੇ ਸਪੁੱਤਰ ਕੋਲੋਂ ਗਊ ਜਿਵਾ ਦੇਣ ਤੋਂ ਸਿਵਾ ਕੁਝ ਲੈਣ ਲਈ ਤਿਆਰ ਹੀ ਨਹੀਂ ਸਨ। ਜੇ ਉਹ ਗਊ ਜਿਵਾ ਦੇਣਤਾਂ ਗੁਰੂ ਜੀ ਗੁੱਸੇ ਹੋਣਗੇ,ਜਿਸ ਤਰ੍ਹਾਂ ਉਹ ਪਹਿਲਾਂ ਬਾਬਾ ਅਟੱਲ ਸਬੰਧੀ ਹੋਏ ਸਨ, ਪਰ ਜੇ ਨ ਜੀਵਾਉਣ ਤਾਂ ਉਸ ਸਿੱਖ ਨੂੰ ਜ਼ਮਾਨਤ ਵਜੋਂ ਰੱਖੀ ਰੱਖਣਗੇ। ਅਖੀਰ ਉਨ੍ਹਾਂ ਨੂੰ ਗਊ ਜਿਵਾਉਣ ਲਈ ਮਨਾਇਆ ਗਿਆ। ਜਦ ਗੁਰੂ ਜੀ ਨੂੰ ਸਾਰਾ ਹਾਲ ਦੱਸਿਆ ਗਿਆ, ਉਨ੍ਹਾਂ ਨੇ ਬਚਨ ਕੀਤਾ, "ਇਹ ਮੇਰੇ ਲਈ ਖੁਸ਼ੀ ਦੀ ਗੱਲ ਨਹੀਂ ਕਿ ਕੋਈ ਵੀ ਆਪਣੇ ਆਪ ਨੂੰ ਅਕਾਲ ਪੁਰਖ ਦੇ ਬਰਾਬਰ ਬਣਾਏ ਅਤੇ ਮੁਰਦੇ ਜਿਵਾ ਦੇਵੇ। ਹਰ ਕੋਈ ਮੇਰੇ ਦਰ ਅਗੇ ਮ੍ਰਿਤਕ ਸਰੀਰ ਲੈ ਕੇ ਆਉਣ ਲੱਗ ਜਾਵੇਗਾ ਅਤੇ ਮੈਂ ਕਿਸ ਨੂੰ ਜੀਵਾਉਣ ਲਈ ਚੁਣਾਂਗਾ ?" ਬਾਬਾ ਗੁਰਦਿਤਾ ਨੇ ਉਤਰ ਦਿਤਾ, "ਪਾਤਸ਼ਾਹ, ਆਪ ਜੁਗ ਜੁਗ ਜੀਵੋ, ਮੈਂ ਤੁਰ ਜਾਂਦਾ ਹਾਂ।" ਇਹ ਕਹਿ ਕੇ ਉਹ ਬੁੱਢਣ ਸ਼ਾਹ ਦੀ ਦਰਗਾਹ ਤੇ ਗਏ, ਆਪਣੀ ਸੋਟੀ ਧਰਤੀ ਵਿੱਚ ਗੱਡੀ, ਲੇਟ ਗਏ ਅਤੇ ਸਰੀਰ ਤਿਆਗ ਪਰਲੋਕ ਸਿਧਾਰ ਗਏ। ਉਸ ਵੇਲੇ, ਸੰਨ ੧੬੩੮ ਵਿੱਚ, ਉਹ ਛੋਟੀ ਉਮਰ ਕੇਵਲ ੨੪ ਵਰ੍ਹੇ ਦੇ ਸਨ।

ਤਦ ਗੁਰੂ ਜੀ ਨੇ ਬਾਬਾ ਗੁਰਦਿਤਾ ਜੀ ਦੇ ਸਭ ਤੋਂ ਵੱਡੇ ਸਪੁੱਤਰ ਧੀਰਮੱਲ ਨੂੰ ਕਰਤਾਰਪੁਰ ਤੋਂ ਬੁਲਾ ਭੇਜਿਆ ਅਤੇ ਨਾਲ ਆਦਿ ਗ੍ਰੰਥ ਸਾਹਿਬ, ਜੋ ਉਸ ਦੀ ਸਪੁਰਦਗੀ ਵਿੱਚ ਸੀ, ਮੰਗਵਾ ਭੇਜਿਆ। ਗੁਰੂ ਜੀ ਦੀ ਇੱਛਾ ਸੀ ਕਿ ਬਾਬਾ ਗੁਰਦਿਤਾ ਜੀ ਦੀ ਆਤਮਾ ਦੀ ਸ਼ਾਂਤੀ ਵਾਸਤੇ ਪਾਵਨ ਗ੍ਰੰਥ ਸਾਹਿਬ ਦਾ ਪਾਠ ਕੀਤਾ ਜਾਵੇ ਅਤੇ ਧੀਰਮੱਲ ਆਪਣੇ ਪਿਤਾ ਦੀ ਮਿਰਤੂ ਪਿਛੋਂ ਪਿਤਾ ਦੀ ਥਾਂ ਅਤੇ ਜਾਇਦਾਦ ਦਾ ਵਾਰਸ ਨੀਯਤ ਹੋਣ ਦੀ ਨਿਸ਼ਾਨੀ ਵਜੋਂ ਪਗੜੀ ਲੈਣ ਲਈ ਆ ਜਾਏ। ਧੀਰਮੱਲ ਨੇ ਇਹ ਕਹਿ ਕੇ ਆਉਣ ਤੋਂ ਇਨਕਾਰ ਕਰ ਦਿਤਾ, "ਮੇਰੇ ਪਿਤਾ ਕੀਰਤਪੁਰ ਨਹੀਂ ਰਹੇ। ਮੈਂ ਕਿਸ ਦੇ ਕੋਲ ਜਾਵਾਂ ? ਇਹ ਗੁਰੂ ਜੀ ਤੋਂ ਡਰ ਕਾਰਨ ਸੀ ਕਿ ਮੇਰੇ ਪਿਤਾ ਦੀ ਮੌਤ ਹੋਈ, ਮੈਂ ਅਜੇ ਮਰਨਾ ਨਹੀਂ ਚਾਹੁੰਦਾ। ਮੈਂ ਆਪ ਹੀ ਪਿਤਾ ਨਮਿਤ ਆਦਿ ਗ੍ਰੰਥ ਦਾ ਪਾਠ ਕਰਵਾ ਲਵਾਂਗਾ।" ਇਸ ਤਰ੍ਹਾਂ ਉਸ ਨੇ ਪਾਵਨ ਆਦਿ ਗ੍ਰੰਥ ਸਾਹਿਬ ਨੂੰ ਰੱਖੀ ਰਖਿਆ ਇਹ ਸੋਚ ਕੇ ਕਿ ਜਿਸ ਕੋਲ ਗ੍ਰੰਥ ਸਾਹਿਬ ਹੋਵੇਗਾ ਉਹੀ ਗੁਰੂ ਹੋਵੇਗਾ। ਭਾਈ ਬਿਧੀ ਚੰਦ ਕੋਲ ਗ੍ਰੰਥ ਸਾਹਿਬ ਦਾ ਇੱਕ ਨਾ-ਮੁਕੰਮਲ ਉਤਾਰਾ ਸੀ। ਸੋ ਉਸ ਸਮੇਂ ਇਸ ਤੋਂ ਪਾਠ ਕੀਤਾ ਗਿਆ। ਇੱਕ ਦਿਨ ਗੁਰੂ ਜੀ ਦੇ ਮਹਿਲ ਮਾਤਾ ਨਾਨਕੀ ਜੀ ਨੇ ਗੁਰੂ ਜੀ ਤੋਂ ਪੁੱਛਿਆ, "ਸਾਂਈਂ ਜੀਉ, ਆਪ ਸਦਾ ਹਰਿਰਾਇ, ਜੋ ਆਪ ਜੀ ਦਾ ਪੋਤਰਾ ਹੈ, ਉਤੇ ਬੜੀ ਮੇਹਰ ਦੀ ਨਜ਼ਰ ਰਖਦੇ ਹੋ, ਪਰ ਆਪਣੇ ਸਪੁੱਤਰ ਤੇਗ ਬਹਾਦਰ ਦੀ ਪੁੱਛ-ਪ੍ਰਤੀਤ ਕਦੇ ਨਹੀਂ ਕਰਦੇ। ਮੇਰੀ ਇੱਛਾ ਪੂਰੀ ਕਰੋ ਕਿ ਗੁਰਗੱਦੀ ਉਸ ਨੂੰ ਬਖਸ਼ੋ।" ਗੁਰੂ ਜੀ ਨੇ ਉਤਰ ਦਿਤਾ, "ਤੇਗ ਬਹਾਦਰ ਗੁਰੂਆਂ ਦਾ ਗੁਰੂ ਹੈ। ਹੋਰ ਕੋਈ ਨਹੀਂ ਜੋ ਅਸਹਿ ਨੁਐਨੀ ਚੰਗੀ ਤਰ੍ਹਾਂ ਸਹਿਨ ਕਰ ਸਕੇ ਜਿਵੇਂ ਤੇਗ ਬਹਾਦਰ ਕਰ ਸਕਦਾ ਹੈ। ਉਸ ਨੂੰ ਰੱਬੀ ਗਿਆਨ ਮਿਲ ਗਿਆ ਹੈ ਅਤੇ ਉਸ ਨੇ ਸੰਸਾਰਕ ਮੋਹ ਤਿਆਗ ਛਡਿਆ ਹੈ। ਜੇ ਤੁਸੀਂ ਸਿਦਕ ਰੱਖੋ ਤਾਂ ਗੁਰਗੱਦੀ ਉਸ ਕੋਲ ਮੁੜ ਕੇ ਆ ਜਾਵੇਗੀ।"

ਇੱਕ ਦਿਨ ਵੱਡਾ ਦੀਵਾਨ ਸਜਾਇਆ ਗਿਆ। ਜਦ ਸਭ ਇਕੱਠੇ ਹੋਏ ਤਾਂ ਗੁਰੂ ਹਰਿਗੋਬਿੰਦ ਸਾਹਿਬ ਉਠੇ, ਹਰਿਰਾਇ ਜੀ ਦਾ ਹੱਥ ਫੜ ਕੇ ਗੁਰੂ ਨਾਨਕ ਜੀ ਦੀ ਗੱਦੀ ਉਤੇ ਬਿਠਾ ਦਿਤਾ। ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਨੇ ਹਰਿਰਾਇ ਜੀ ਦੇ ਮੱਥੇ ਤੇ ਤਿਲਕ ਲਾ ਕੇ ਗਲ ਵਿੱਚ ਫੁੱਲਾ ਦਾ ਹਾਰ ਪਾਇਆ। ਗੁਰੂ ਜੀ ਨੇ ਪੰਜ ਪੈਸੇ ਅਤੇ ਨਰੇਲ ਹਰਿਰਾਇ ਜੀ ਦੇ ਅੱਗੇ ਰੱਖਕੇ ਮੱਥਾ ਟੇਕਿਆ ਅਤੇ ਉਨ੍ਹਾਂ ਦਾ ਗੁਰੂ ਬਨਣਾ ਘੋਸ਼ਿਤ ਕਰਦਿਆਂ ਸਿੱਖਾਂ ਨੂੰ ਬਚਨ ਕੀਤਾ, "ਹੁਣ ਮੈਨੂੰ ਹਰਿਰਾਇ ਜੀ ਵਿੱਚ ਹੀ ਪਛਾਨਣਾ। ਗੁਰੂ ਨਾਨਕ ਸਾਹਿਬ ਦੀ ਰੂਹਾਨੀ ਸ਼ਕਤੀ ਇਨ੍ਹਾਂ ਵਿੱਚ ਸਮਾ ਗਈ ਹੈ।" ਇਸ ਤੇ ਸਿੱਖਾਂ ਨੇ ਵਧਾਈਆਂ ਦੇ ਜੈਕਾਰੇ ਛੱਡੇ ਅਤੇ ਰਾਗੀਆਂ ਨੇ ਕੀਰਤਨ ਸ਼ੁਰੂ ਕੀਤਾ।

ਇਸ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਮਾਰਚ ੧੬੪੪ ਵਿੱਚ ਕੀਰਤਪੁਰ ਜੋਤੀ ਜੋਤਿ ਸਮਾ ਗਏ। ਜਦ ਅੰਤਮ ਸੰਸਕਾਰ ਸੰਪੂਰਨ ਹੋਏ ਤਾਂ ਮਾਤਾ ਨਾਨਕੀ ਜੀ ਗੁਰੂ ਜੀ ਦੇ ਆਦੇਸ਼ ਅਨੁਸਾਰ ਆਪਣੇ ਸਪੁੱਤਰ ਤੇਗ ਬਹਾਦਰ ਨਾਲ ਬਕਾਲਾ ਚਲੇ ਗਏ ਅਤੇ ਉਥੇ ਰਹੇ, ਤੇਗ ਬਹਾਦਰ ਜੀ ਨੂੰ ਗੁਰਗੱਦੀ ਮਿਲਣ ਸਮੇਂ ਤਕ।

੧. ਵਜ਼ੀਰ ਖਾਨ ਗੁਰੂ ਅਰਜਨ ਦੇਵ ਜੀ ਦੇ ਸਮੇਂ ਪੰਜਾਬ ਦਾ ਸੂਬੇਦਾਰ ਸੀ। ਉਸ ਨੂੰ ਜਲੋਧਰ ਦੀ ਬੀਮਾਰੀ ਹੋ ਗਈ ਸੀ ਅਤੇ ਸੁਖਮਨੀ ਸਾਹਿਬ ਦਾ ਪਾਠ ਸੁਣਨ ਨਾਲ ਉਹ ਬਿਲਕੁਲ ਅਰੋਗ ਹੋ ਗਿਆ ਅਤੇ ਗੁਰੂ ਜੀ ਦਾ ਸਿਖ ਬਣ ਗਿਆ।

੨. ਕਈ ਲਿਖਾਰੀ ਲਿਖਦੇ ਹਨ ਕਿ ਗੁਰੂ ਜੀ ਨੂੰ ਉਨ੍ਹਾਂ ਵਲੋਂ ਲੈਣ ਵਾਲੀ ਰਕਮ ਦੀ ਅਦਾਇਗੀ ਨ ਹੋਣ ਕਰਕੇ ਕੈਦ ਕੀਤਾ ਗਿਆ ਸੀ। ਜੇ ਇਹ ਜਾਂ ਕੋਈ ਹੋਰ, ਉਨ੍ਹਾਂ ਨੂੰ ਕੈਦ ਕਰਨ ਦਾ ਕਾਰਨ ਹੁੰਦਾ ਤਾਂ ਉਹ ਬਵਿੰਜਾ ਰਾਜੇ ਕਿਲ੍ਹੇ ਵਿਚੋਂ ਕਿਉਂ ਰਿਹਾ ਕਰਵਾ ਦਿੰਦੇ? ਗੁਰੂ ਜੀ ਦੇ ਬਾਦਸ਼ਾਹ ਨਾਲ ਚੰਗੇ ਸਬੰਧ ਸਨ। ਬਾਦਸ਼ਾਹ ਨੇ ਆਪਣੀ ਬੀਮਾਰੀ ਕਰਕੇ ਗੁਰੂ ਜੀ ਨੂੰ ਗਵਾਲੀਅਰ ਕਿਲ੍ਹੇ ਵਿਚ ਜਾਣ ਲਈ ਬੇਨਤੀ ਕੀਤੀ ਸੀ ਅਤੇ ਉਨ੍ਹਾਂ ਦੀ ਰਾਜਿਆਂ ਨੂੰ ਰਿਹਾਈ ਦੀ ਖਾਹਸ਼ ਲਈ ਬਚਨ ਦਿਤਾ।

੩. ਪ੍ਰਸਿੱਧ ਸਿਖ ਇਤਿਹਾਸਕਾਰ ਭਾਈ ਕਾਹਨ ਸਿੰਘ ਲਿਖਦੇ ਹਨ ਕਿ ਕੌਲਾਂ ਇਕ ਕਮਲਾ ਨਾਂ ਦੀ ਹਿੰਦੂ ਲੜਕੀ ਸੀ। ਕਾਜ਼ੀ ਰੁਸਤਮ ਖਾਨ ਨੇ ਉਸ ਨੂੰ ਮੁੱਲ ਲੈ ਕੇ ਆਪਣੀ ਦਾਸੀ ਬਣਾ ਲਿਆ ਅਤੇ ਇਸਲਾਮ ਦੀ ਸਿਖਿਆ ਦਿਤੀ।

੪. ਕਈ ਲੇਖਕ ਕਹਿੰਦੇ ਹਨ ਕਿ ਇਸ ਤਰ੍ਹਾਂ ਨਾ ਗੁਰੂ ਜੀ ਅਤੇ ਨਾ ਹੀ ਸ਼ਾਹਜਹਾਨ ਗਏ ਸਨ, ਕੇਵਲ ਉਹਨਾਂ ਦੇ ਆਪਣੇ ਆਪਣੇ ਆਦਮੀ ਹੀ ਗਏ ਸਨ।

੫. ਕਈ ਲੇਖਕ ਕਹਿੰਦੇ ਹਨ ਕਿ ਬਿਧੀ ਚੰਦ ਕਦੀ ਵੀ ਬਾਦਸ਼ਾਹ ਨੂੰ ਨਹੀਂ ਮਿਲਿਆ ਸੀ।

੬. ਕੁਝ ਲੇਖਕਾਂ ਦਾ ਵਿਚਾਰ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਆਪ ਸਾਂਈਂ ਬੁੱਢਣ ਸ਼ਾਹ ਕੋਲ ਗਏ ਸਨ ਅਤੇ ਉਸ ਤੋਂ ਦੁੱਧ ਮੰਗਿਆ ਸੀ। ਜਦ ਗੁਰੂ ਨਾਨਕ ਦੇਵ ਜੀ ਬੁੱਢਣ ਸ਼ਾਹ ਨੂੰ ਮਿਲੇ ਸਨ ਤਾਂ ਇਸ ਨੇ ਗੁਰੂ ਜੀ ਜੋਗ ਸਤਿਕਾਰ ਵਲੋਂ ਦੁੱਧ ਭੇਟ ਕੀਤਾ। ਗੁਰੂ ਜੀ ਨੇ ਇਕਰਾਰ ਕੀਤਾ ਸੀ ਕਿ ਫਿਰ ਆਵਾਂਗੇ ਤਾਂ ਛਕਾਂਗੇ। ਹੁਣ ਗੁਰੂ ਹਰਿਗੋਬਿੰਦ ਨੇ ਬੁੱਢਣ ਸ਼ਾਹ ਨੂੰ ਦੁੱਧ ਬਾਰੇ ਇਕਰਾਰ ਦੀ ਯਾਦ ਦਿਵਾਈ। ਉਸ ਨੇ ਕਿਹਾ ਕਿ, "ਆਪ ਗੁਰੂ ਨਾਨਕ ਨਹੀਂ ਲਗਦੇ ਜਿਨ੍ਹਾਂ ਨੂੰ ਦੁੱਧ ਭੇਟਾ ਕੀਤਾ ਸੀ।" ਇਸ ਪਰ ਗੁਰੂ ਹਰਿਗੋਬਿੰਦ ਜੀ ਨੇ ਗੁਰੂ ਨਾਨਕ ਜੀ ਰੂਪ ਧਾਰ ਕੇ ਦੁਧ ਪੀ ਕੇ ਇਕਰਾਰ ਪੂਰਾ ਕੀਤਾ।